Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 186 05/12/2025 www.samajweekly.com samajweekly @samajweekly samajweekly

# ਰੂਸੀ ਰਾਸ਼ਟਰਪਤੀ ਪੁਤਿਨ ਦੋ ਦਿਨਾਂ ਦੌਰੇ 'ਤੇ ਦਿੱਲੀ ਪਹੁੰਚੇ

## ਪ੍ਰਧਾਨ ਮੰਤਰੀ ਮੋਦੀ ਨੇ ਹਵਾਈ ਅੱਡੇ 'ਤੇ ਉਨ੍ਹਾਂ ਦਾ ਸਵਾਗਤ ਕੀਤਾ

**ਨਵੀਂ ਦਿੱਲੀ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੀਰਵਾਰ ਸ਼ਾਮ ਦੋ ਦਿਨਾਂ ਦੌਰੇ ਲਈ ਨਵੀਂ ਦਿੱਲੀ ਪਹੁੰਚੇ। ਇਸ ਯਾਤਰਾ ਦਾ ਉਦੇਸ਼ ਲਗਭਗ ਅੱਠ ਦਹਾਕੇ ਪੁਰਾਣੀ ਭਾਰਤ-ਰੂਸ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨਾ ਹੈ, ਇੱਕ ਅਜਿਹੀ ਸਾਂਝੇਦਾਰੀ ਜੋ ਗੁੰਝਲਦਾਰ ਭੂ-ਰਾਜਨੀਤਿਕ ਵਾਤਾਵਰਣ ਦੇ ਬਾਵਜੂਦ ਸਥਿਰ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਵਾਈ ਅੱਡੇ 'ਤੇ ਰੂਸੀ ਰਾਸ਼ਟਰਪਤੀ ਦਾ ਸਵਾਗਤ ਕੀਤਾ। ਸ਼ੁੱਕਰਵਾਰ ਨੂੰ 23ਵੇਂ ਭਾਰਤ-ਰੂਸ ਸੰਮੇਲਨ ਲਈ ਸਕਾਰਾਤਮਕ ਮਾਹੌਲ ਬਣਾਉਣ ਲਈ ਪ੍ਰਧਾਨ ਮੰਤਰੀ ਮੋਦੀ ਅੱਜ ਸ਼ਾਮ ਪੁਤਿਨ ਲਈ ਇੱਕ ਨਿੱਜੀ ਰਾਤ ਦੇ ਖਾਣੇ ਦੀ ਮੇਜ਼ਬਾਨੀ ਕਰਨਗੇ। ਦੋਵਾਂ ਨੇਤਾਵਾਂ ਵਿਚਕਾਰ ਗੱਲਬਾਤ ਦੇ ਮੁੱਖ ਵਿਸ਼ੇ ਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ, ਭਾਰਤ-ਰੂਸ ਵਪਾਰ ਨੂੰ ਬਾਹਰੀ ਦਬਾਅ ਤੋਂ ਬਚਾਉਣ ਅਤੇ ਛੋਟੇ ਮਾਡਿਊਲਰ ਪਲਾਂਟਾਂ ਵਿੱਚ ਸਹਿਯੋਗ ਦੀ ਪੜਚੋਲ ਕਰਨ ਵਰਗੇ ਮੁੱਦਿਆਂ 'ਤੇ ਕੇਂਦ੍ਰਤ ਹੋਣਗੇ। ਇਸ ਮੀਟਿੰਗ ਨੂੰ ਪੱਛਮੀ ਦੇਸ਼ਾਂ



ਦੁਆਰਾ ਨੇੜਿਓਂ ਦੇਖਣ ਦੀ ਸੰਭਾਵਨਾ ਹੈ। ਰੂਸੀ ਨੇਤਾ ਦੀ ਨਵੀਂ ਦਿੱਲੀ ਦੀ ਲਗਭਗ 27 ਘੰਟੇ ਦੀ ਫੇਰੀ ਮਹੱਤਵਪੂਰਨ ਮੰਨੀ ਜਾਂਦੀ ਹੈ ਕਿਉਂਕਿ ਇਹ ਤੇਜ਼ੀ ਨਾਲ ਵਿਗੜ ਰਹੇ ਭਾਰਤ-ਅਮਰੀਕਾ ਸਬੰਧਾਂ ਦੇ ਪਿਛੋਕੜ ਦੇ ਵਿਰੁੱਧ ਹੈ। ਮੀਟਿੰਗ ਤੋਂ ਬਾਅਦ, ਦੋਵਾਂ ਧਿਰਾਂ ਵਿਚਕਾਰ ਵਪਾਰ ਦੇ ਖੇਤਰਾਂ ਸਮੇਤ ਕਈ ਸਮਝੌਤੇ ਹੋਣ ਦੀ ਉਮੀਦ ਹੈ। ਪੁਤਿਨ ਦਾ ਸ਼ੁੱਕਰਵਾਰ ਸਵੇਰੇ ਰਾਸ਼ਟਰਪਤੀ ਭਵਨ ਵਿੱਚ ਰਸਮੀ ਸਵਾਗਤ ਕੀਤਾ ਜਾਵੇਗਾ, ਜਿਸ ਤੋਂ ਪਹਿਲਾਂ ਦੋਵਾਂ ਆਗੂਆਂ ਵਿਚਕਾਰ ਮੁਲਾਕਾਤ ਹੋਵੇਗੀ। ਇਹ ਮੁਲਾਕਾਤ ਹੈਦਰਾਬਾਦ ਹਾਊਸ ਵਿੱਚ ਹੋਵੇਗੀ, ਜਿੱਥੇ ਮੋਦੀ ਰਾਸ਼ਟਰਪਤੀ ਪੁਤਿਨ ਅਤੇ ਉਨ੍ਹਾਂ ਦੇ ਵਫ਼ਦ ਲਈ ਇੱਕ ਦਾਅਵਤ ਦੀ ਮੇਜ਼ਬਾਨੀ ਕਰਨਗੇ, ਜਿਸ ਦੌਰਾਨ ਕਈ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਇਸ ਮਾਮਲੇ ਤੋਂ ਜਾਣੂ ਲੋਕਾਂ ਦੇ ਅਨੁਸਾਰ, ਪੁਤਿਨ ਸਵੇਰੇ ਰਾਜਘਾਟ ਵੀ ਜਾਣਗੇ। ਮੀਟਿੰਗ ਤੋਂ ਬਾਅਦ, ਪੁਤਿਨ ਰੂਸੀ ਰਾਜ ਪ੍ਰਸਾਰਕ ਦੇ ਨਵੇਂ 'ਇੰਡੀਆ ਚੈਨਲ' ਨੂੰ ਲਾਂਚ ਕਰਨਗੇ, ਜਿਸ ਤੋਂ ਬਾਅਦ ਉਹ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਉਨ੍ਹਾਂ ਦੇ ਸਨਮਾਨ ਵਿੱਚ ਆਯੋਜਿਤ ਇੱਕ ਰਾਜਕੀ ਦਾਅਵਤ ਵਿੱਚ ਸ਼ਾਮਲ ਹੋਣਗੇ। ਰੂਸੀ ਨੇਤਾ ਦੇ ਸ਼ੁੱਕਰਵਾਰ ਰਾਤ 9 ਵਜੇ ਦੇ ਕਰੀਬ ਭਾਰਤ ਰਵਾਨਾ ਹੋਣ ਦੀ ਉਮੀਦ ਹੈ।

# ਨਾਮਜ਼ਦਗੀਆਂ ਦੇ ਆਖ਼ਰੀ ਦਿਨ ਤਿੱਖੀਆਂ ਝੜਪਾਂ

**ਚੰਡੀਗੜ੍ਹ।** ਜ਼ਿਲ੍ਹਾ ਪਰਿਸ਼ਦ ਅਤੇ ਪੰਚਾਇਤ ਸਮਿਤੀ ਚੋਣਾਂ ਲਈ ਅੱਜ ਜ਼ੋਰਦਾਰ ਹੰਗਾਮਿਆਂ ਅਤੇ ਤਿੱਖੀਆਂ ਝੜਪਾਂ ਦਰਮਿਆਨ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦਾ ਕੰਮ ਮੁਕੰਮਲ ਹੋ ਗਿਆ ਹੈ। ਕਾਗ਼ਜ਼ ਦਾਖ਼ਲ ਕਰਨ ਦੇ ਅਖ਼ੀਰਲੇ ਦਿਨ ਕਰੀਬ ਅੱਧੀ ਦਰਜਨ ਥਾਵਾਂ 'ਤੇ ਤਣਾਅ ਅਤੇ ਟਕਰਾਅ ਦਾ ਮਾਹੌਲ ਬਣਿਆ ਰਿਹਾ। ਕਿਤੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਜਾ ਰਹੇ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਨੂੰ ਰੋਕੇ ਜਾਣ 'ਤੇ ਹੰਗਾਮਾ ਹੋਇਆ ਅਤੇ ਕਿਤੇ ਵਿਰੋਧੀ ਉਮੀਦਵਾਰਾਂ ਦੇ ਕਾਗ਼ਜ਼ ਖੋਹ ਕੇ ਪਾੜੇ ਜਾਣ ਦਾ ਰੌਲਾ ਪਿਆ। ਜ਼ਿਲ੍ਹਾ ਪਰਿਸ਼ਦ ਲਈ ਕੁੱਲ 1865 ਤੇ ਪੰਚਾਇਤ ਸਮਿਤੀ ਲਈ 12359 ਨਾਮਜ਼ਦਗੀਆਂ ਭਰੀਆਂ ਗਈਆਂ ਹਨ। ਪੰਜਾਬ 'ਚ 14 ਦਸੰਬਰ ਨੂੰ 22 ਜ਼ਿਲ੍ਹਾ ਪਰਿਸ਼ਦਾਂ ਅਤੇ 153 ਪੰਚਾਇਤ ਸਮਿਤੀਆਂ ਲਈ ਵੋਟਾਂ ਪੈਣੀਆਂ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਟਿਆਲਾ ਦੇ ਐੱਸ ਐੱਸ ਪੀ ਵਰੁਣ ਸ਼ਰਮਾ ਅਤੇ ਪੁਲੀਸ ਅਧਿਕਾਰੀਆਂ ਦਰਮਿਆਨ ਕਥਿਤ ਗੱਲਬਾਤ ਵਾਲੀ ਆਡੀਓ ਨਸ਼ਰ ਕੀਤੇ ਜਾਣ ਨਾਲ ਸਿਆਸੀ ਪਾਰਾ ਚੜ੍ਹ ਗਿਆ। ਇਸ ਆਡੀਓ 'ਚ ਪੁਲੀਸ ਅਧਿਕਾਰੀਆਂ ਨੂੰ ਕਥਿਤ ਨਿਰਦੇਸ਼ ਦਿੱਤੇ ਗਏ ਕਿ ਵਿਰੋਧੀ ਧਿਰਾਂ ਦੇ ਉਮੀਦਵਾਰਾਂ ਨੂੰ ਰੋਕਿਆ ਜਾਵੇ। ਸੂਬਾਈ ਚੋਣ ਕਮਿਸ਼ਨਰ ਰਾਜ ਕਮਲ ਚੌਧਰੀ ਨੇ ਇਸ ਬਾਰੇ ਪੰਜਾਬ ਦੇ ਡੀ ਜੀ ਪੀ ਤੋਂ ਰਿਪੋਰਟ ਤਲਬ ਕਰ ਲਈ ਹੈ। ਪਟਿਆਲਾ ਦੇ ਡੀ ਆਈ ਜੀ ਕੁਲਦੀਪ ਚਾਹਲ ਨੇ ਵੀ ਪ੍ਰਦੇਸ਼ ਚੋਣ ਕਮਿਸ਼ਨ ਨੂੰ ਇਹ ਆਡੀਓ ਕਲਿੱਪ ਏ ਆਈ ਦੁਆਰਾ ਤਿਆਰ ਕੀਤੇ ਜਾਣ ਬਾਰੇ ਲਿਖਿਆ ਹੈ। ਚੋਣ ਅਧਿਕਾਰੀ ਰਾਜ ਕਮਲ ਚੌਧਰੀ ਨੇ ਦੱਸਿਆ ਕਿ ਸਾਈਬਰ ਕ੍ਰਾਈਮ ਪੁਲੀਸ ਸਟੇਸ਼ਨ ਪਟਿਆਲਾ 'ਚ ਇਸ ਆਡੀਓ ਦੇ ਏ ਆਈ ਦੁਆਰਾ ਤਿਆਰ ਕੀਤੇ ਜਾਣ ਦੀ ਦਰਜ ਐੱਫ ਆਈ ਆਰ ਬਾਰੇ ਵੀ ਡੀ ਜੀ ਪੀ ਤੋਂ ਜਾਣਕਾਰੀ ਮੰਗੀ ਹੈ।



ਚੋਣ ਕਮਿਸ਼ਨ ਦੇ ਨਿਰਦੇਸ਼ਾਂ ਮਗਰੋਂ ਡੀ ਜੀ ਪੀ ਨੇ ਏ ਡੀ ਜੀ ਪੀ ਐੱਸ ਪੀ ਐੱਸ ਪਰਮਾਰ ਨੂੰ ਆਡੀਓ ਕਲਿੱਪ ਨਾਲ ਜੁੜੇ ਦੋਸ਼ਾਂ ਦੀ ਜਾਂਚ ਕਰਨ ਲਈ ਕਿਹਾ ਹੈ। ਰਾਜ ਚੋਣ ਕਮਿਸ਼ਨ ਪਟਿਆਲਾ ਜ਼ਿਲ੍ਹੇ ਨੂੰ ਅਤਿ ਸੰਵੇਦਨਸ਼ੀਲ ਮੰਨ ਰਿਹਾ ਹੈ ਅਤੇ ਅੱਧੀ ਦਰਜਨ ਪੁਲੀਸ ਅਬਜ਼ਰਵਰ ਵੀ ਸੂਬੇ 'ਚ ਭੇਜੇ ਗਏ ਹਨ। ਕਾਗ਼ਜ਼ ਦਾਖ਼ਲ ਕਰਨ ਦੇ ਆਖ਼ਰੀ ਦਿਨ ਅੱਜ ਪਟਿਆਲਾ ਜ਼ਿਲ੍ਹਾ ਸਿਆਸੀ ਘਮਸਾਣ ਦਾ ਕੇਂਦਰ ਬਣਿਆ ਰਿਹਾ।

ਵੇਰਵਿਆਂ ਅਨੁਸਾਰ ਡੇਰਾ ਬਾਬਾ ਨਾਨਕ ਦੇ ਤਹਿਸੀਲ ਕੰਪਲੈਕਸ 'ਚ ਕਾਂਗਰਸ ਅਤੇ 'ਆਪ' ਵਰਕਰਾਂ ਵਿਚਾਲੇ ਤਿੱਖੀ ਝੜਪ ਹੋਈ ਅਤੇ ਕਾਂਗਰਸੀ ਆਗੂ ਨਰਿੰਦਰ ਸਿੰਘ ਸਮੇਤ ਦੋ ਜਣਿਆਂ ਦੀਆਂ ਪੱਗਾਂ ਵੀ ਉਤਰ ਗਈਆਂ। 'ਆਪ' ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਕਾਂਗਰਸੀ ਨੇਤਾ ਉਦੇਵੀਰ ਸਿੰਘ ਰੰਧਾਵਾ ਦਰਮਿਆਨ ਤਿੱਖੀ ਬਹਿਸ ਵੀ ਹੋਈ। ਮਜੀਠਾ 'ਚ ਅਕਾਲੀ ਉਮੀਦਵਾਰਾਂ ਨੂੰ ਕਾਗ਼ਜ਼ ਦਾਖ਼ਲ ਕਰਨ ਵਾਸਤੇ ਕੰਪਲੈਕਸ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ ਗਿਆ। ਵਿਧਾਇਕ ਗਨੀਵ ਕੌਰ ਮਜੀਠੀਆ ਨੇ 'ਆਪ' ਸਰਕਾਰ 'ਤੇ ਧੱਕੇਸ਼ਾਹੀ ਦੇ ਇਲਜ਼ਾਮ ਲਗਾਏ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਰਾਜਾਸਾਂਸੀ ਇਲਾਕੇ 'ਚ ਪਾਰਟੀ ਉਮੀਦਵਾਰ ਦੀ ਕੁੱਟਮਾਰ ਕੀਤੇ ਜਾਣ ਦੇ ਦੋਸ਼ ਲਾਏ ਅਤੇ ਭੁਲੱਥ 'ਚ ਵੀ ਧੱਕਾਮੁੱਕੀ ਹੋਣ ਦੀ ਗੱਲ ਆਖੀ। ਇਕ ਹੋਰ ਕਾਂਗਰਸੀ ਆਗੂ ਸੁਖਬਿੰਦਰ ਸਿੰਘ ਸੁਖ ਸਰਕਾਰੀਆ ਨੇ ਕਿਹਾ ਕਿ ਉਨ੍ਹਾਂ ਦੇ ਚਾਰ ਉਮੀਦਵਾਰਾਂ ਦੀਆਂ ਫਾਈਲਾਂ ਪਾੜ ਦਿੱਤੀਆਂ ਗਈਆਂ। ਅਕਾਲੀ ਆਗੂਆਂ ਨੇ ਅੱਠ ਉਮੀਦਵਾਰਾਂ ਦੀਆਂ ਫਾਈਲਾਂ ਪਾੜੇ ਜਾਣ ਦੀ ਗੱਲ ਆਖੀ।

ਸਭ ਤੋਂ ਵੱਧ ਹੰਗਾਮਾ ਪਟਿਆਲਾ ਜ਼ਿਲ੍ਹੇ 'ਚ ਹੋਇਆ। ਸਨੌਰ 'ਚ ਅਕਾਲੀ ਆਗੂ ਹਰਿੰਦਰਪਾਲ ਸਿੰਘ ਚੰਦੂਮਾਜਰਾ ਅਤੇ ਕਾਂਗਰਸ ਦੇ ਹਲਕਾ ਇੰਚਾਰਜ ਹੈਰੀ ਮਾਨ ਨੇ 'ਆਪ' ਸਰਕਾਰ ਖ਼ਿਲਾਫ਼ ਧਰਨਾ ਦਿੱਤਾ। ਉਨ੍ਹਾਂ ਕਿਹਾ ਕਿ ਅਣਪਛਾਤੇ ਵਿਅਕਤੀ ਉਮੀਦਵਾਰ ਦੀਆਂ ਫਾਈਲਾਂ ਖੋਹ ਕੇ ਭੱਜ ਗਏ। ਘਨੌਰ 'ਚ ਵਿਰੋਧੀ ਉਮੀਦਵਾਰਾਂ ਨੂੰ ਗੇਟ ਟੱਪ ਕੇ ਅੰਦਰ ਜਾਣਾ ਪਿਆ। ਰਾਜਪੁਰਾ 'ਚ ਇੱਕ ਵਿਅਕਤੀ ਵਿਰੋਧੀ ਉਮੀਦਵਾਰ ਦੇ ਕਾਗ਼ਜ਼ ਖੋਹ ਕੇ ਫ਼ਰਾਰ ਹੋ ਗਿਆ। ਸਮਾਣਾ ਹਲਕੇ 'ਚ ਕਾਂਗਰਸ ਦੇ ਜ਼ਿਲ੍ਹਾ ਪਰਿਸ਼ਦ ਲਈ ਉਮੀਦਵਾਰ ਜਗਵਿੰਦਰ ਸਿੰਘ ਨੇ ਇਲਜ਼ਾਮ ਲਾਏ ਕਿ ਉਸ ਦੇ ਨਾਮਜ਼ਦਗੀ ਕਾਗ਼ਜ਼ ਪਾੜ ਦਿੱਤੇ ਗਏ ਹਨ ਅਤੇ ਇੱਕ ਹੋਰ ਉਮੀਦਵਾਰ ਦੇ ਕਾਗ਼ਜ਼ ਖੋਹ ਕੇ ਭੱਜਣ ਵਾਲੇ ਨੂੰ ਲੋਕਾਂ ਨੇ ਮੌਕੇ 'ਤੇ ਫੜ ਲਿਆ। ਨਾਭਾ 'ਚ ਕਾਂਗਰਸੀ ਉਮੀਦਵਾਰ ਗੁਰਮੀਤ ਕੌਰ ਦੇ ਨਾਮਜ਼ਦਗੀ ਪੱਤਰ ਖੋਹ ਲਏ ਗਏ ਸਨ ਪਰ ਉਹ ਮੁੜ ਕਾਗ਼ਜ਼ ਦਾਖ਼ਲ ਕਰਨ ਵਿਚ ਸਫਲ ਹੋ ਗਈ। ਦੁਆਬੇ ਵਿੱਚ ਕੋਈ ਵੱਡੇ ਹੰਗਾਮੇ ਨਹੀਂ ਹੋਏ ਹਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਜੱਦੀ ਜ਼ਿਲ੍ਹੇ ਸੰਗਰੂਰ 'ਚ ਵੀ ਕਿਸੇ ਵੱਡੀ ਘਟਨਾ ਦੀ ਸੂਚਨਾ ਨਹੀਂ ਹੈ।

# ਵਿਰੋਧੀ ਪਾਰਟੀਆਂ ਵਲੋਂ ਪਾਰਲੀਮੈਂਟ ਦੇ ਸਰਦ ਰੁੱਤ ਇਜਲਾਸ ਦੇ ਚੌਥੇ ਦਿਨ ਦਿੱਲੀ ਦੇ ਹਵਾ ਪ੍ਰਦੂਸ਼ਣ ਖਿਲਾਫ ਪ੍ਰਦਰਸ਼ਨ

**ਨਵੀਂ ਦਿੱਲੀ।** ਸਰਦ ਰੁੱਤ ਇਜਲਾਸ ਦੇ ਚੌਥੇ ਦਿਨ ਵੱਖ-ਵੱਖ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਅੱਜ ਕੌਮੀ ਰਾਜਧਾਨੀ ਵਿੱਚ ਹਵਾ ਪ੍ਰਦੂਸ਼ਣ ਦੇ ਮੁੱਦੇ ਤੇ ਸੰਸਦੀ ਕੰਪਲੈਕਸ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ। ਚੰਡੀਗੜ੍ਹ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਵਧਦੇ ਹਵਾ ਪ੍ਰਦੂਸ਼ਣ ਸੰਕਟ ਤੇ ਚਰਚਾ ਕਰਨ ਲਈ ਸਦਨ ਦੀ ਸਾਰੀ ਕਾਰਵਾਈ ਮੁਲਤਵੀ ਕਰਨ ਦਾ ਨੋਟਿਸ ਵੀ ਦਿੱਤਾ। ਇਸ ਮੌਕੇ ਕਾਂਗਰਸ ਨੇਤਾ ਸੋਨੀਆ ਗਾਂਧੀ ਨੇ ਸਰਕਾਰ ਨੂੰ ਹਵਾ ਪ੍ਰਦੂਸ਼ਣ ਖਿਲਾਫ ਫੈਸਲਾਕੁਨ ਕਾਰਵਾਈ ਕਰਨ ਦੀ ਅਪੀਲ ਕੀਤੀ। ਵੱਖ ਵੱਖ ਪਾਰਟੀਆਂ ਦੇ ਸੰਸਦ ਮੈਂਬਰਾਂ (ਜਿਨ੍ਹਾਂ ਹੱਥਾਂ ਵਿਚ ਤਖ਼ਤੀਆਂ ਫੜੀਆਂ ਹੋਈਆਂ ਸਨ) ਨੇ ਸੰਸਦ ਦੇ ਮਕਰ ਦੁਆਰ ਦੇ ਬਾਹਰ ਨਾਅਰੇਬਾਜ਼ੀ ਕੀਤੀ ਅਤੇ ਪ੍ਰਧਾਨ ਮੰਤਰੀ ਨੂੰ ਬਿਆਨਬਾਜ਼ੀ ਬੰਦ ਕਰਨ ਅਤੇ ਕਾਰਵਾਈ ਕਰਨ ਲਈ ਕਿਹਾ। ਕੁਝ ਸੰਸਦ ਮੈਂਬਰਾਂ ਨੇ ਹਵਾ




ਪ੍ਰਦੂਸ਼ਣ ਦੀ ਸਮੱਸਿਆ ਨੂੰ ਉਜਾਗਰ ਕਰਨ ਲਈ ਵਿਰੋਧ ਪ੍ਰਦਰਸ਼ਨ ਵਿੱਚ ਮਾਸਕ ਵੀ ਪਹਿਨੇ ਹੋਏ ਸਨ। ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦੇ ਮੱਦੇਨਜ਼ਰ, ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਅੱਜ ਕਿਹਾ ਕਿ ਕੇਂਦਰ ਸਰਕਾਰ ਬਦਲਵੇਂ ਈਂਧਨ ਨੂੰ ਤਰਜੀਹ ਦੇ ਰਹੀ ਹੈ ਅਤੇ ਉਨ੍ਹਾਂ ਨੇ ਖੁਦ ਟੋਇਟਾ ਦੀ ਮਿਰਾਈ ਹਾਈਡ੍ਰੋਜਨ ਫਿਊਲ ਸੈਲ ਕਾਰ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਲੋਕ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਗਡਕਰੀ ਨੇ ਕਿਹਾ ਕਿ ਭਵਿੱਖ ਦਾ ਈਂਧਨ ਹਾਈਡ੍ਰੋਜਨ ਹੈ। ਉਹਨਾਂ ਕਿਹਾ ਕਿ ਜੈਵਿਕ ਈਂਧਨ ਦੀ ਦਰਾਮਦ ਭਾਰਤ ਨੂੰ 22 ਲੱਖ ਕਰੋੜ ਰੁਪਏ ਦਾ ਖਰਚਾ ਪਾ ਰਹੀ ਹੈ ਅਤੇ ਇਸ ਨਾਲ ਬਹੁਤ ਪ੍ਰਦੂਸ਼ਣ ਵੀ ਪੈਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਕਾਰਨ, ਤੁਸੀਂ ਸਾਰੇ ਇਸ ਨਾਜ਼ੁਕ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ। ਉਨ੍ਹਾਂ ਨੇ ਭਰੋਸਾ ਪ੍ਰਗਟਾਇਆ ਕਿ ਜਿਵੇਂ ਹੀ ਭਾਰਤ ਵਿਕਲਪਕ ਈਂਧਨ ਵੱਲ ਵਧੇਗਾ, ਦੇਸ਼ ਊਰਜਾ ਦਾ ਇੱਕ ਨਿਰਯਾਤਕ ਬਣ ਜਾਵੇਗਾ।

## ਦੋ ਸਕੇ ਭਰਾਵਾਂ ਦੇ ਕਤਲ ਮਾਮਲੇ ’ਚ 3 ਵਿਅਕਤੀ ਗ੍ਰਿਫ਼ਤਾਰ, ਬਾਕੀਆਂ ਦੀ ਭਾਲ ਜਾਰੀ

**ਬਠਿੰਡਾ।** ਬਠਿੰਡਾ ਐਸ ਪੀ ਸਿਟੀ ਨਰਿੰਦਰ ਸਿੰਘ ਨੇ ਪ੍ਰੈਸ ਕਾਨਫਰੰਸ ਕਰਦਿਆਂ ਕਿਹਾ ਕਿ ਕੁਝ ਦਿਨ ਪਹਿਲਾਂ ਮਾਮੂਲੀ ਲੜਾਈ ਦੇ ਚਲਦੇ ਬਸਤੀ ਨਜ਼ਦੀਕ ਦੋ ਧਿਰਾਂ ਦੀ ਲੜਾਈ ਹੋਈ ਸੀ, ਜਿਸ ਵਿੱਚ ਇੱਕ ਧਿਰ ਨੇ ਦੋ ਸਕੇ ਭਰਾਵਾਂ ਉੱਪਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਸੀ। ਧਰਮਿੰਦਰ ਨਾਮ ਦੇ ਵਿਅਕਤੀ ਦੀ ਮੌਕੇ ’ਤੇ ਹੀ ਮੌਤ ਹੋ ਚੁੱਕੀ ਸੀ। ਕੁਝ ਦਿਨਾਂ ਬਾਅਦ ਉਸ ਦੇ ਭਰਾ ਜਤਿੰਦਰ ਦੀ ਵੀ ਮੌਤ ਹੋ ਗਈ। ਪੀੜਤ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ ’ਤੇ ਸਾਡੇ ਵੱਲੋਂ ਪੰਜ ਲੋਕਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਸਾਡੀਆਂ ਵੱਖ ਵੱਖ ਟੀਮਾਂ ਕੰਮ ਕਰ ਰਹੀਆਂ ਸਨ। ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਤੀਜੇ ਵਿਅਕਤੀ ਨੂੰ ਹੁਣ ਸਾਡੀ ਟੀਮ ਨੇ ਚੇਨਈ ਤੋਂ ਗ੍ਰਿਫਤਾਰ ਕੀਤਾ ਹੈ। ਹਾਲੇ ਵੀ ਦੋ ਮੁਲਜ਼ਮ ਫਰਾਰ ਹਨ। ਜਲਦ ਉਹਨਾਂ ਨੂੰ



ਵੀ ਗ੍ਰਿਫ਼ਤਾਰ ਕੀਤਾ ਜਾਵੇਗਾ। ਇਹਨਾਂ ਕੋਲ ਕਿਰਪਾਨਾਂ, ਲੋਹੇ ਦੇ ਕਾਪੇ, ਲੋਹੇ ਦੀ ਰਾੜਾ, ਹੋਰ ਮਾਰੂ ਹਥਿਆਰ ਬਰਾਮਦ ਕੀਤੇ ਗਏ ਹਨ। ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ।

## ਪੁਤਿਨ ਦਾ 60 ਸਾਲ ਦੀ ਉਮਰ ਵਿੱਚ ਤਲਾਕ, ਪ੍ਰੇਮਿਕਾ 31 ਸਾਲ ਛੋਟੀ

**ਨਵੀਂ ਦਿੱਲੀ।** ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੋ ਦਿਨਾਂ ਦੇ ਭਾਰਤ ਦੌਰੇ 'ਤੇ ਆ ਰਹੇ ਹਨ। ਉਨ੍ਹਾਂ ਦੇ ਨਾਲ ਲਗਭਗ 100 ਲੋਕਾਂ ਦੀ ਟੀਮ ਹੈ, ਪਰ ਉਨ੍ਹਾਂ ਦੇ ਪਰਿਵਾਰ ਦਾ ਇੱਕ ਵੀ ਮੈਂਬਰ ਉਨ੍ਹਾਂ ਵਿੱਚ ਸ਼ਾਮਲ ਨਹੀਂ ਹੈ। ਪੁਤਿਨ ਨੂੰ ਆਖਰੀ ਵਾਰ 2012 ਵਿੱਚ ਆਪਣੀ ਪਤਨੀ ਨਾਲ ਦੇਖਿਆ ਗਿਆ ਸੀ। ਉਦੋਂ ਤੋਂ, ਪੁਤਿਨ ਦਾ ਪਰਿਵਾਰ ਕਿਤੇ ਵੀ ਨਹੀਂ ਦੇਖਿਆ ਗਿਆ, ਰੂਸ ਵਿੱਚ ਵੀ ਨਹੀਂ, ਵਿਦੇਸ਼ੀ ਯਾਤਰਾਵਾਂ 'ਤੇ ਵੀ ਨਹੀਂ। ਦੂਜੇ ਵਿਸ਼ਵ ਯੁੱਧ ਦੌਰਾਨ, ਸੋਵੀਅਤ ਯੂਨੀਅਨ ਦੇ ਲੈਨਿਨਗ੍ਰਾਡ (ਹੁਣ ਸੇਂਟ ਪੀਟਰਸਬਰਗ) ਸ਼ਹਿਰ ਨੂੰ ਜਰਮਨ ਫੌਜ ਨੇ 872 ਦਿਨਾਂ ਤੱਕ ਘੇਰਿਆ ਹੋਇਆ ਸੀ। ਇਸ ਉੱਤੇ ਇੰਨੀ ਭਾਰੀ ਬੰਬਾਰੀ ਕੀਤੀ ਗਈ ਕਿ ਇਹ ਸ਼ਹਿਰ ਪੂਰੀ ਤਰ੍ਹਾਂ ਤਬਾਹ ਹੋ ਗਿਆ। ਵਲਾਦੀਮੀਰ ਪੁਤਿਨ ਦਾ ਜਨਮ 7 ਅਕਤੂਬਰ, 1952 ਨੂੰ ਇਸ ਸ਼ਹਿਰ ਵਿੱਚ ਹੋਇਆ ਸੀ। ਉਸਦੇ ਪਿਤਾ, ਵਲਾਦੀਮੀਰ ਸਪੀਰੀਡੋਨੋਵਿਚ, ਸੋਵੀਅਤ ਨੇਵੀ ਵਿੱਚ ਸੇਵਾ ਕਰਦੇ ਸਨ, ਅਤੇ ਉਸਦੀ ਮਾਂ, ਮਾਰੀਆ



ਇਵਾਨੋਵਨਾ ਪੁਤਿਨ, ਇੱਕ ਫੈਕਟਰੀ ਵਿੱਚ ਕੰਮ ਕਰਦੇ ਸਨ। ਪੁਤਿਨ ਦੇ ਦਾਦਾ ਜੀ ਸੋਵੀਅਤ ਨੇਤਾਵਾਂ ਵਲਾਦੀਮੀਰ ਲੈਨਿਨ ਅਤੇ ਜੋਸਫ਼ ਸਟਾਲਿਨ ਲਈ ਮੁੱਖ ਸ਼ੈੱਫ ਸਨ। ਪੁਤਿਨ ਆਪਣੇ ਮਾਪਿਆਂ ਦਾ ਇਕਲੌਤਾ ਬਚਿਆ ਹੋਇਆ ਬੱਚਾ ਹੈ। ਉਸਦੇ ਵੱਡੇ ਭਰਾ, ਅਲਬਰਟ ਦੀ ਮੌਤ ਦੂਜੇ ਵਿਸ਼ਵ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਹੋ ਗਈ ਸੀ। ਯੁੱਧ ਤੋਂ ਬਾਅਦ, ਜਦੋਂ ਸ਼ਹਿਰ ਤਬਾਹ ਹੋ ਗਿਆ ਸੀ, ਤਾਂ ਛੋਟੇ ਬੱਚਿਆਂ ਨੂੰ ਭੁੱਖਮਰੀ ਤੋਂ ਬਚਾਉਣ ਲਈ ਅਨਾਥ ਆਸ਼ਰਮਾਂ ਵਿੱਚ ਭੇਜਿਆ ਗਿਆ ਸੀ। ਪੁਤਿਨ ਦੇ ਦੂਜੇ ਭਰਾ, ਵਿਕਟਰ ਨੂੰ ਵੀ ਕੱਢ ਲਿਆ ਗਿਆ ਸੀ, ਪਰ ਉਸਦੀ ਉੱਥੇ ਮੌਤ ਹੋ ਗਈ। ਪਰਿਵਾਰ ਨੂੰ ਇਹ ਵੀ ਨਹੀਂ ਪਤਾ ਕਿ ਉਸਨੂੰ ਕਿੱਥੇ ਦਫ਼ਨਾਇਆ ਗਿਆ ਹੈ। ਜਦੋਂ ਸ਼ਹਿਰ ਯੁੱਧ ਨਾਲ ਤਬਾਹ ਹੋ ਗਿਆ ਸੀ, ਤਾਂ ਪੁਤਿਨ ਦਾ ਪਰਿਵਾਰ ਬਹੁਤ ਗਰੀਬ ਹੋ ਗਿਆ। ਉਹ ਲੈਨਿਨਗ੍ਰਾਡ ਵਿੱਚ ਇੱਕ ਸੰਪਰਦਾਇਕ ਅਪਾਰਟਮੈਂਟ ਵਿੱਚ ਰਹਿੰਦੇ ਸਨ। ਉਨ੍ਹਾਂ ਦਾ ਇਮਾਰਤ ਦੀ ਪੰਜਵੀਂ ਮੰਜ਼ਿਲ 'ਤੇ ਇੱਕ ਕਮਰੇ ਵਾਲਾ ਅਪਾਰਟਮੈਂਟ ਸੀ, ਜਿੱਥੇ ਉਹ ਕਈ ਹੋਰ ਪਰਿਵਾਰਾਂ ਨਾਲ ਰਸੋਈ ਅਤੇ ਬਾਥਰੂਮ ਸਾਂਝਾ ਕਰਦੇ ਸਨ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਕਸ਼ਮੀਰ ਵਾਦੀ ਠੰਢ ਦੀ ਜਕੜ ਵਿੱਚ, ਪੁਲਵਾਮਾ ਸਭ ਤੋਂ ਠੰਢਾ

**ਸ੍ਰੀਨਗਰ।** ਕਸ਼ਮੀਰ ਵਿੱਚ ਠੰਢ ਦਾ ਕਹਿਰ ਜਾਰੀ ਹੈ। ਅਧਿਕਾਰੀਆਂ ਨੇ ਕਿਹਾ ਕਿ ਕਸ਼ਮੀਰ ਵਿਚ ਘੱਟੋ-ਘੱਟ ਤਾਪਮਾਨ ਮਨਫੀ ਤੋਂ ਹੇਠਾਂ ਆ ਗਿਆ, ਜਦੋਂ ਕਿ ਵਾਦੀ ਦੇ ਬਹੁਤੇ ਹਿੱਸਿਆਂ ਵਿੱਚ ਧੁੰਦ ਦੀ ਮੋਟੀ ਪਰਤ ਛਾਈ ਹੋਈ ਹੈ। ਅਧਿਕਾਰੀਆਂ ਨੇ ਕਿਹਾ ਕਿ ਸ੍ਰੀਨਗਰ ਵਿੱਚ ਰਾਤ ਦਾ ਤਾਪਮਾਨ ਬੁੱਧਵਾਰ ਰਾਤ ਨੂੰ ਮਨਫ਼ੀ 4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਪਿਛਲੀ ਰਾਤ ਮਨਫ਼ੀ 4.4 ਡਿਗਰੀ ਸੈਲਸੀਅਸ ਤੋਂ ਥੋੜ੍ਹਾ ਵੱਧ ਸੀ। ਉਨ੍ਹਾਂ ਕਿਹਾ ਕਿ ਸ੍ਰੀਨਗਰ ਅਤੇ ਵਾਦੀ ਦੇ ਹੋਰ ਹਿੱਸਿਆਂ, ਖਾਸ ਕਰਕੇ ਜਲ ਸਰੋਤਾਂ ਦੇ ਆਲੇ-ਦੁਆਲੇ ਖੇਤਰਾਂ ਵਿੱਚ ਧੁੰਦ ਦੀ ਸੰਘਣੀ ਚਾਦਰ ਛਾਈ ਹੋਈ ਹੈ। ਦੱਖਣੀ ਕਸ਼ਮੀਰ ਦਾ ਪੁਲਵਾਮਾ ਸ਼ਹਿਰ ਵਾਦੀ ਦਾ ਸਭ ਤੋਂ ਠੰਢਾ ਸਥਾਨ ਰਿਹਾ ਜਿੱਥੇ ਘੱਟੋ-ਘੱਟ ਤਾਪਮਾਨ ਮਨਫ਼ੀ 5.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਵਾਦੀ ਦੇ ਪ੍ਰਵੇਸ਼ ਦੁਆਰ, ਕਾਜ਼ੀਗੁੰਡ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 3.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਉੱਤਰੀ ਕਸ਼ਮੀਰ ਦੇ ਕੁਪਵਾੜਾ ਵਿੱਚ ਘੱਟੋ-ਘੱਟ ਤਾਪਮਾਨ ਮਨਫ਼ੀ 3.2 ਡਿਗਰੀ ਸੈਲਸੀਅਸ ਅਤੇ ਦੱਖਣੀ ਕਸ਼ਮੀਰ ਦੇ ਕੋਕਰਨਾਗ ਵਿੱਚ ਮਨਫ਼ੀ 0.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਦੱਖਣੀ ਕਸ਼ਮੀਰ ਦੇ ਪਹਿਲਗਾਮ ਟੂਰਿਸਟ ਰਿਜ਼ੋਰਟ ਵਿੱਚ ਘੱਟੋ-ਘੱਟ ਤਾਪਮਾਨ ਮਨਫੀ 4.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦੋਂ ਕਿ ਉੱਤਰੀ ਕਸ਼ਮੀਰ ਦੇ ਗੁਲਮਰਗ ਸਕੀਇੰਗ ਰਿਜ਼ੋਰਟ ਵਿੱਚ ਮਨਫੀ 1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਕਿਹਾ ਕਿ ਅੱਜ ਦੇਰ ਰਾਤ ਅਤੇ ਭਲਕੇ ਸਵੇਰੇ ਉੱਚੇ ਇਲਾਕਿਆਂ ਵਿੱਚ ਦੂਰ-ਦੁਰਾਡੇ ਥਾਵਾਂ ਤੇ ਹਲਕੀ ਬਰਫ਼ਬਾਰੀ ਹੋਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਕਿਹਾ ਕਿ 6-7 ਦਸੰਬਰ ਨੂੰ ਮੌਸਮ ਆਮ ਤੌਰ ਤੇ ਖੁਸ਼ਕ ਰਹੇਗਾ, ਪਰ 8 ਦਸੰਬਰ ਨੂੰ ਉੱਚੇ ਇਲਾਕਿਆਂ ਵਿੱਚ ਦੂਰ-ਦੁਰਾਡੇ ਥਾਵਾਂ ਤੇ ਹਲਕੀ ਬਰਫ਼ਬਾਰੀ ਦੀ ਸੰਭਾਵਨਾ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# 16 ਸਾਲ ਤੋਂ ਲਟਕ ਰਹੇ ਐਸਿਡ ਅਟੈਕ ਦੇ ਮਾਮਲਿਆਂ ਤੇ ਸੁਪਰੀਮ ਕੋਰਟ ਸਖ਼ਤ, ਕੇਂਦਰ ਨੂੰ ਦਿੱਤੇ ਨਿਰਦੇਸ਼

**ਨਵੀਂ ਦਿੱਲੀ।** ਐਸਿਡ ਅਟੈਕ ਦੇ ਪੈਂਡਿੰਗ ਮਾਮਲਿਆਂ ਤੇ ਸੁਪਰੀਮ ਕੋਰਟ ਸਖ਼ਤ ਸਾਰੇ ਹਾਈ ਕੋਰਟਾਂ ਤੋਂ ਮੰਗਿਆ ਵੇਰਵਾ, ਕਿਹਾ ਕਿ ਇਹ ਰਾਸ਼ਟਰੀ ਸ਼ਰਮ ਹੈ। ਅੱਜ ਇੱਕ ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਸਾਰੇ ਹਾਈ ਕੋਰਟਾਂ ਨੂੰ ਦੇਸ਼ ਵਿੱਚ ਐਸਿਡ ਅਟੈਕ ਦੇ ਸਾਰੇ ਪੈਂਡਿੰਗ ਟ੍ਰਾਇਲਾਂ ਦਾ ਵੇਰਵਾ ਦੇਣ ਲਈ ਕਿਹਾ ਹੈ। ਉੱਥੇ ਹੀ, ਐਸਿਡ ਅਟੈਕ ਕੇਸ ਤੇ ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਨੇ ਐਸ.ਸੀ. ਨੂੰ ਭਰੋਸਾ ਦਿਵਾਇਆ ਕਿ ਮਾਮਲੇ ਨੂੰ ਪੂਰੀ ਗੰਭੀਰਤਾ ਨਾਲ ਲਿਆ ਜਾਵੇਗਾ। ਦਰਅਸਲ, ਸੁਪਰੀਮ ਕੋਰਟ ਨੇ 2009 ਦੇ ਇੱਕ ਐਸਿਡ ਅਟੈਕ ਕੇਸ ਵਿੱਚ ਦਿੱਲੀ ਕੋਰਟ ਵਿੱਚ ਚੱਲ ਰਹੇ ਹੌਲੀ ਕ੍ਰਿਮੀਨਲ ਟ੍ਰਾਇਲ ਦੀ ਆਲੋਚਨਾ ਕੀਤੀ। ਇਸ ਦੇ ਨਾਲ ਹੀ ਇਸ ਨੂੰ ਰਾਸ਼ਟਰੀ ਸ਼ਰਮ ਦੱਸਿਆ। ਲਾਈਵ ਲਾਅ ਦੀ ਇੱਕ ਰਿਪੋਰਟ ਅਨੁਸਾਰ, ਅੱਜ ਭਾਰਤ ਦੇ ਮੁੱਖ ਜੱਜ ਸੂਰੀਆਕਾਂਤ ਅਤੇ ਜਸਟਿਸ ਜੌਏਮਾਲਿਆ ਬਾਗਚੀ ਦੇ ਬੈਂਚ ਨੇ ਸਾਰੇ ਹਾਈ ਕੋਰਟਾਂ ਦੇ ਰਜਿਸਟਰਾਰ ਜਨਰਲਾਂ ਨੂੰ ਪੈਂਡਿੰਗ ਐਸਿਡ ਅਟੈਕ ਮਾਮਲਿਆਂ ਨਾਲ ਸੰਬੰਧਿਤ ਅੰਕੜੇ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ। ਜ਼ਿਕਰਯੋਗ ਹੈ ਕਿ ਪਟੀਸ਼ਨਰ, ਜੋ ਖੁਦ ਹੀ ਇੱਕ ਐਸਿਡ ਅਟੈਕ ਸਰਵਾਈਵਰ ਹਨ ਅਤੇ ਨਿੱਜੀ ਤੌਰ ਤੇ ਬੈਂਚ ਦੇ ਸਾਹਮਣੇ ਪੇਸ਼ ਹੋਏ। ਉਨ੍ਹਾਂ ਨੇ ਅਦਾਲਤ ਨੂੰ ਦੱਸਿਆ



ਕਿ 2009 ਵਿੱਚ ਉਨ੍ਹਾਂ ਤੇ ਹਮਲਾ ਹੋਇਆ ਸੀ, ਫਿਰ ਵੀ ਮੁਕੱਦਮਾ ਅਜੇ ਤੱਕ ਪੂਰਾ ਨਹੀਂ ਹੋਇਆ ਹੈ। ਉਨ੍ਹਾਂ ਨੇ ਦੱਸਿਆ ਕਿ 2013 ਤੱਕ ਇਸ ਮਾਮਲੇ ਵਿੱਚ ਕੁਝ ਨਹੀਂ ਹੋਇਆ ਅਤੇ ਹੁਣ ਦਿੱਲੀ ਦੇ ਰੋਹਿਣੀ ਵਿੱਚ ਚੱਲ ਰਿਹਾ ਮੁਕੱਦਮਾ ਅੰਤਿਮ ਪੜਾਅ ਵਿੱਚ ਹੈ। ਇਸ ਦੌਰਾਨ ਸੁਪਰੀਮ ਕੋਰਟ ਦੇ ਬੈਂਚ ਨੇ ਪਿਛਲੇ 16 ਸਾਲਾਂ ਤੋਂ ਵੱਧ ਸਮੇਂ ਦੀ ਲੰਬੀ ਦੇਰੀ ਤੇ ਹੈਰਾਨੀ ਪ੍ਰਗਟਾਈ। ਇਸ ਦੌਰਾਨ ਮੁੱਖ ਜੱਜ ਸੂਰੀਆਕਾਂਤ ਨੇ ਕਿਹਾ ਕਿ ਇਹ ਅਪਰਾਧ 2009 ਦਾ ਹੈ ਅਤੇ ਅਜੇ ਤੱਕ ਮੁਕੱਦਮਾ ਪੂਰਾ ਨਹੀਂ ਹੋਇਆ ਹੈ! ਜੇਕਰ ਰਾਸ਼ਟਰੀ ਰਾਜਧਾਨੀ ਇਨ੍ਹਾਂ ਚੁਣੌਤੀਆਂ ਦਾ ਜਵਾਬ ਨਹੀਂ ਦੇ ਸਕਦੀ ਤਾਂ ਇਸ ਨਾਲ ਕੌਣ ਨਜਿੱਠੇਗਾ? ਇਹ ਵਿਵਸਥਾ ਲਈ ਸ਼ਰਮ ਦੀ ਗੱਲ ਹੈ! ਉੱਥੇ ਹੀ, ਪਟੀਸ਼ਨਰ ਨੇ ਦੱਸਿਆ ਕਿ ਆਪਣਾ ਕੇਸ ਲੜਨ ਦੇ ਨਾਲ-ਨਾਲ ਉਹ ਹੋਰ ਐਸਿਡ ਅਟੈਕ ਸਰਵਾਈਵਰਾਂ ਦੀ ਰਾਹਤ ਲਈ ਵੀ ਕੰਮ ਕਰ ਰਹੀਆਂ ਹਨ। ਸੀ.ਜੇ.ਆਈ. ਨੇ ਮਾਮਲੇ ਦੀ ਸੁਣਵਾਈ ਦੌਰਾਨ ਪਟੀਸ਼ਨਰ ਨੂੰ ਕਿਹਾ ਕਿ ਉਹ ਮੁਕੱਦਮੇ ਵਿੱਚ ਤੇਜ਼ੀ ਲਿਆਉਣ ਲਈ ਅਰਜ਼ੀ ਦਾਇਰ ਕਰਨ। ਸੁਪਰੀਮ ਕੋਰਟ ਨੇ ਕੇਂਦਰ ਨੂੰ ਕਾਨੂੰਨ ਵਿੱਚ ਬਦਲਾਅ ਕਰਨ ਤੇ ਵਿਚਾਰ ਕਰਨ ਲਈ ਕਿਹਾ ਤਾਂ ਜੋ ਐਸਿਡ ਅਟੈਕ ਸਰਵਾਈਵਰਾਂ ਨੂੰ ਭਲਾਈ ਸਕੀਮਾਂ ਦਾ ਫਾਇਦਾ ਦੇਣ ਲਈ ਅਪਾਹਜ ਲੋਕਾਂ ਵਿੱਚ ਸ਼ਾਮਲ ਕੀਤਾ ਜਾ ਸਕੇ।

## ਫ਼ੌਜੀ ਅਭਿਆਸ ਦੌਰਾਨ ਨਹਿਰ 'ਚ ਡਿਗਿਆ ਟੈਂਕ, ਜਵਾਨ ਦੀ ਮੌਤ



**ਜੈਪੁਰ** । ਰਾਜਸਥਾਨ ਦੇ ਸ਼੍ਰੀਗੰਗਾਨਗਰ ਜ਼ਿਲ੍ਹੇ ’ਚ ਨਿਯਮਤ ਫੌਜੀ ਅਭਿਆਸ ਦੌਰਾਨ ਇੰਦਰਾ ਗਾਂਧੀ ਨਹਿਰ ’ਚ ਟੈਂਕ ਡੁੱਬਣ ਕਾਰਨ ਇਕ ਜਵਾਨ ਦੀ ਮੌਤ ਹੋ ਗਈ। ਪੁਲਿਸ ਮੁਤਾਬਕ ਇਹ ਹਾਦਸਾ ਮੰਗਲਵਾਰ ਨੂੰ ਵਾਪਰਿਆ ਅਤੇ ਕਈ ਘੰਟਿਆਂ ਦੀ ਕੋਸ਼ਿਸ਼ ਤੋਂ ਬਾਅਦ ਸ਼ਾਮ ਤਕ ਲਾਸ਼ ਨੂੰ ਬਾਹਰ ਕਢਿਆ ਜਾ ਸਕਿਆ। ਪੁਲਿਸ ਨੇ ਦਸਿਆ ਕਿ ਇਕ ਨਿਯਮਿਤ ਸਿਖਲਾਈ ਅਭਿਆਸ ਚੱਲ ਰਿਹਾ ਸੀ, ਜਿਸ ਵਿਚ ਬਖਤਰਬੰਦ ਵਾਹਨ ਨਹਿਰ ਪਾਰ ਕਰਨ ਦਾ ਅਭਿਆਸ ਕਰ ਰਹੇ ਸਨ। ਇਸ ਦੌਰਾਨ ਇਕ ਟੈਂਕ ਨਹਿਰ ਦੇ ਵਿਚਕ-ਾਰ ਫਸ ਗਿਆ ਅਤੇ ਡੁੱਬਣ ਲੱਗਾ। ਟੈਂਕ ਵਿਚ ਦੋ ਸਿਪਾਹੀ ਮੌਜੂਦ ਸਨ, ਇਕ ਬਾਹਰ ਨਿਕਲਣ ਵਿਚ ਕਾਮਯਾਬ ਹੋ ਗਿਆ ਜਦਕਿ ਦੂਜਾ ਫਸ ਗਿਆ। ਸੂਚਨਾ ਮਿਲਣ ਉਤੇ ਪੁਲਿਸ, ਡਿਜ਼ਾ-ਸਟਰ ਰਿਸਪਾਂਸ ਫੋਰਸ ਅਤੇ ਸਿਵਲ ਡਿਫੈਂਸ ਦੀਆਂ ਟੀਮਾਂ ਮੌਕੇ ਉਤੇ ਪਹੁੰਚੀਆਂ ਪਰ ਟੈਂਕ ਕਰੀਬ 25 ਫੁੱਟ ਡੂੰਘੀ ਨਹਿਰ ’ਚ ਡੁੱਬ ਗਿਆ। ਉਨ੍ਹਾਂ ਦਸਿਆ ਕਿ ਗੋਤਾਖੋਰਾਂ ਅਤੇ ਬਚਾਅ ਕਰਮਚਾਰੀਆਂ ਨੇ ਲਾਸ਼ ਨੂੰ ਬਰਾਮਦ ਕਰ ਲਿਆ ਹੈ ਅਤੇ ਅੱਜ ਪੋਸਟਮਾਰਟਮ ਕੀਤਾ ਜਾਵੇਗਾ।

SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਪਾਰਲੀਮੈਂਟ ਦਾ ਸ਼ੈਸ਼ਨ ਛੱਡ ਕੇ ਕਿਸਾਨਾਂ ਦੇ ਖੇਤ ਸਵਾਰਨ ਵਿੱਚ ਡਟੇ ਸੰਤ ਸੀਚੇਵਾਲ

## ਹੜ੍ਹ ਨਾਲ ਖੇਤਾਂ ਵਿੱਚ ਪੰਜ-ਪੰਜ ਫੁੱਟ ਚੜ੍ਹ ਗਈ ਸੀ ਰੇਤਾ, ਹੁਣ ਤੱਕ 250 ਏਕੜ ਵਿੱਚ ਬੀਜੀ ਜਾ ਚੁੱਕੀ ਹੈ ਕਣਕ



**ਕਪੂਰਥਲਾ, (ਕੌੜਾ)-** ਸਰਦ ਰੁੱਤ ਦੇ ਸ਼ੁਰੂ ਹੋਏ ਪਾਰਲੀਮੈਂਟ ਸ਼ੈਸ਼ਨ ਨੂੰ ਵਿਚਾਲਓ ਛੱਡ ਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਹੜ੍ਹ ਪ੍ਰਭਾਵਿਤ ਮੰਡ ਇਲਾਕੇ ਵਿੱਚ ਕਿਸਾਨਾਂ ਦੇ ਖੇਤ ਸਵਾਰਨ ਲਈ ਡਟ ਗਏ ਹਨ। ਸੰਤ ਸੀਚੇਵਾਲ ਨੇ ਦੱਸਿਆ ਕਿ ਦੋ ਦਿਨ ਸ਼ੈਸ਼ਨ ਹੰਗਾਮਿਆ ਦੀ ਭੇਂਟ ਚੜ੍ਹ ਗਿਆ। ਇੱਕ ਅੰਦਾਜ਼ੇ ਮੁਤਾਬਿਕ ਪਾਰਲੀਮੈਂਟ ਸ਼ੈਸ਼ਨ ਦਾ ਪ੍ਰਤੀ ਦਿਨ ਖਰਚਾ 10 ਕਰੋੜ ਤੋਂ ਵੱਧ ਆਉਂਦਾ ਹੈ। ਦੋ ਦਿਨਾਂ ਵਿੱਚ ਲੋਕਾਂ ਦੇ ਟੈਕਸਾਂ ਦਾ 20 ਕਰੋੜ ਬਰਬਾਦ ਹੋਣ ਦਾ ਕਿਸੇ ਵੀ ਧਿਰ ਨੂੰ ਦਰਦ ਮਹਿਸੂਸ ਨਹੀਂ ਹੋ ਰਿਹਾ। ਸੰਤ ਸੀਚੇਵਾਲ ਨੇ ਪਹਿਲਾਂ ਵੀ ਸ਼ੈਸ਼ਨ ਨਾ ਚੱਲਣ ‘ਤੇ ਰਾਜ ਸਭਾ ਦੇ ਚੇਅਰਮੈਨ ਨੂੰ ਪੱਤਰ ਲਿਖਿਆ ਸੀ ਕਿ ਲੋਕਾਂ ਦੇ ਕਰੋੜਾਂ ਰੁਪਏ ਦੀ ਹੋ ਰਹੀ ਬਰਬਾਦੀ ਨੂੰ ਰੋਕਿਆ ਜਾਵੇ।ਮੰਡ ਇਲਾਕੇ ਦੇ ਸਾਂਗਰਾ ਪਿੰਡ ਵਿੱਚ ਗ੍ਰੰਥੀ ਕਾਬਲ ਸਿੰਘ ਦੇ ਡੇਢ ਖੇਤ ਵਿੱਚ ਕਣਕ ਦੀ ਬਿਜਾਈ ਸ਼ੁਰੂ ਕਰਵਾਈ। ਇਸ ਪਰਿਵਾਰ ਕੋਲ ਪੰਜ ਏਕੜ ਜ਼ਮੀਨ ਹੈ ਜਿਸ ਵਿੱਚ ਹੜ੍ਹ ਕਾਰਨ ਗਾਰ ਤੇ ਰੇਤਾ ਚੜ੍ਹ ਗਈ ਸੀ। ਸੰਤ ਸੀਚੇਵਾਲ ਦੀ ਟੀਮ ਵਿੱਚ ਸ਼ਾਮਿਲ ਸਤਿੰਦਰ ਸਿੰਘ ਬੱਗਾ ਨੇ ਜ਼ਮੀਨ ਪੱਧਰੀ ਕਰਨ ਲਈ ਵੱਡੇ ਟ੍ਰੈਕਟਰ ਤੇ ਡੀਜ਼ਲ ਮੁਫਤ ਦੇ ਕੇ ਉਨ੍ਹਾਂ ਦੀ ਜ਼ਮੀਨ ਸਵਾਰੀ ਸੀ।ਬਾਊਪੁਰ ਕਦੀਮ ਦੇ ਕਿਸਾਨ ਮੇਜਰ ਸਿੰਘ ਦੀ ਜ਼ਮੀਨ ਵਿੱਚ ਤਾਂ ਰੇਤਾ ਵੀ ਹੱਦ ਤੋਂ ਵੱਧ ਚੜ੍ਹੀ ਹੋਈ ਹੈ। ਇਸ ਕਿਸਾਨ ਦੀ ਜ਼ਮੀਨ ਪੱਧਰੀ ਕਰਨ ਲਈ ਇੱਕ ਐਕਸਾਵੇਟਰ ਅਤੇ ਟੈਕਟਰ ਲਾਏ ਹੋਏ ਹਨ। ਪੱਕੀ ਮਿੱਟੀ ਨੂੰ ਚਾਰ-ਚਾਰ ਫੁੱਟ ਪੁੱਟਿਆ ਜਾ ਰਿਹਾ ਹੈ ਤੇ ਉਸ ਨੂੰ ਮੁੜ ਰੇਤਾ ਨਾਲ ਭਰਿਆ ਜਾ ਰਿਹਾ ਹੈ ਤੇ ਉਸ ‘ਤੇ ਪੱਕੀ ਮਿੱਟੀ ਪਾਈ ਜਾ ਰਹੀ।ਸੰਤ ਸੀਚੇਵਾਲ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਦੇ ਖੇਤਾਂ ਨੂੰ ਪੱਧਰਾ ਕਰਨ ਦਾ ਕੰਮ ਅੱਜ ਵੀ ਜੰਗੀ ਪੱਧਰ ‘ਤੇ ਚੱਲ ਰਿਹਾ ਹੈ। ਜਿਹੜੇ ਕਿਸਾਨਾਂ ਦੇ ਖੇਤ ਪੱਧਰ ਹੋ ਗਏ ਹਨ ਉਨ੍ਹਾਂ ਵਿੱਚ ਕਣਕ ਬੀਜ ਦਿੱਤੀ ਗਈ ਹੈ। ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ ਸੰਤ ਸੀਚੇਵਾਲ ਜੀ ਦੇ ਯਤਨਾਂ ਸਦਕਾ 250 ਏਕੜ ਜ਼ਮੀਨ ਪੱਧਰੀ ਕਰਕੇ ਕਣਕ ਦੀ ਬਿਜਾਈ ਹੋ ਚੁੱਕੀ ਹੈ। ਕਿਸਾਨਾਂ ਦੀ ਜ਼ਮੀਨਾਂ ਪੱਧਰੀਆਂ ਕਰਨ ਲਈ ਕੁਝ ਟ੍ਰੈਕਟਰ ਦਿਨ-ਰਾਤ ਵੀ ਚੱਲ ਰਹੇ ਹਨ।

# ਪੰਜਾਬ ਮੁੜ ਸੁਰਜੀਤੀ ਲਹਿਰ ਦੇ ਵੱਲੋਂ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਹਿੱਤ ਆਰੰਭ ਕੀਤੀ ਗਈ ਮੁਹਿੰਮ ਜੈਵਿਕ ਖੇਤੀ ਕਰਨ ਲਈ ਕਿਸਾਨਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ-ਸੁਮੀਤ ਸੰਧੂ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਮੁੜ ਸੁਰਜੀਤੀ ਲਹਿਰ ਦੇ ਵੱਲੋਂ ਪੰਜਾਬ ਦੇ ਕਿਸਾਨਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਤੇ ਉਨ੍ਹਾਂ ਨੂੰ ਜੈਵਿਕ ਖੇਤੀ ਕਰਨ ਪ੍ਰਤੀ ਉਤਸ਼ਾਹਿਤ ਕਰਨ ਹਿੱਤ ਜੋ ਇੱਕ ਮੁਹਿੰਮ ਆਰੰਭ ਕੀਤੀ ਗਈ ਹੈ । ਉਹ ਆਪਣੇ ਆਪ ਵਿੱਚ ਇੱਕ ਮਿਸਾਲੀ ਕਾਰਜ ਹੈ । ਜਿਸ ਦੇ ਸਦਕਾ ਪੰਜਾਬ ਦੇ ਕਿਸਾਨਾਂ ਨੂੰ ਬਹੁਤ ਲਾਭ ਪ੍ਰਾਪਤ ਹੋ ਸਕਦਾ ਹੈ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰ: ਅੰਮ੍ਰਿਤਪਾਲ ਸਿੰਘ ਡਾਇਰੈਕਟਰ ਪੰਜਾਬ ਯੂਨਾਈਟਿਡ ਸਿੱਖਸ ਤੇ ਸ੍ਰ: ਭੁਪਿੰਦਰ ਸਿੰਘ ਨੇ ਸਾਂਝੇ ਰੂਪ ਵਿੱਚ ਪੰਜਾਬ ਮੁੜ ਸੁਰਜੀਤੀ ਲਹਿਰ ਵੱਲੋਂ ਪਿੰਡ ਘੋਲੀਆ ਜ਼ਿਲ੍ਹਾ ਮੋਗਾ ਵਿਖੇ ਕਰਵਾਈ ਗਈ ਇੱਕ ਵਿਸੇਸ਼ ਇਕੱਤਰਤਾ ਦੌਰਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪੁੱਜੇ ਉੱਦਮੀ ਕਿਸਾਨਾਂ, ਵਾਤਾਵਰਨ ਪ੍ਰੇਮੀਆਂ ਤੇ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆ ਕੀਤਾ । ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਹੋਇਆਂ ਕਿਹਾ ਕਿ ਪੰਜਾਬ ਦੀ ਖੇਤੀ ਨੂੰ ਰਸਾਇਣਕ ਖਾਦਾਂ ਤੇ ਕੀਟਨਾਸ਼ਕ ਸਪਰੇਆਂ ਤੋਂ ਮੁਕਤ ਕਰਨ ਲਈ ਪੰਜਾਬ ਮੁੜ ਸੁਰਜੀਤੀ ਲਹਿਰ ਆਰੰਭੀ ਜਾਗਰੂਕ ਮੁਹਿੰਮ ਵਿੱਚ ਉਹ ਆਪਣੀ ਸੰਸਥਾ ਯੂਨਾਈਟਿਡ ਸਿੱਖਸ ਵੱਲੋਂ ਆਪਣਾ ਪੂਰਨ ਸਹਿਯੋਗ ਦੇਣਗੇ ।

ਇਕੱਤਰਤਾ ਦੌਰਾਨ ਪੰਜਾਬ ਮੁੜ ਸੁਰਜੀਤੀ ਲਹਿਰ ਦੀ ਪ੍ਰਮੁੱਖ ਸੁਮੀਤ ਸੰਧੂ ਨੇ ਆਪਣੇ ਪ੍ਰਭਾਵਸਾਲੀ ਬੋਲਾਂ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ ਕਿ ਦੇਸ਼ ਅੰਦਰ ਰਸਾਇਣਕ ਖਾਦਾਂ ਦੀ ਵਰਤੋਂ ਨਾਲ ਉਤਪ- ਾਦਨ ਕਾਫੀ ਵਧਿਆ ਹੈ ਪਰ ਹੁਣ ਇਸ 'ਤੇ ਸਵਾਲ ਉਠਾਇਆ ਜਾ ਰਿਹਾ ਹੈ ਕਿਉਂਕਿ ਧਰਤੀ ਦੇ ਵੱਡੇ ਹਿੱਸੇ 'ਚ ਮਿੱਟੀ 'ਤੇ ਇਸ ਦਾ ਬੁਰਾ ਅਸਰ ਹੋਇਆ ਹੈ। ਉਨ੍ਹਾਂ ਨੇ ਕਿਹਾ ਕਿ ਦੁਨੀਆ 'ਚ ਲੋਕਾਂ ਦੇ ਖਾਣ-ਪੀਣ ਦਾ ਤਰੀਕਾ ਬਦਲ ਰਿਹਾ ਹੈ ਅਤੇ ਲੋਕ ਆਰਗੈਨਿਕ ਉਤਪਾਦਾਂ ਨੂੰ ਆਪਣੇ ਭੋਜਨ ਦਾ ਹਿੱਸਾ ਬਣਾਉਣਾ ਚਾਹੁੰਦੇ ਹਨ। ਇਸ ਪ੍ਰਤੀ ਕਿਸਾਨਾਂ 'ਚ ਮਿੱਟੀ ਦੀ ਸਿਹਤ ਨੂੰ ਲੈ ਕੇ ਜਾਗਰੂਕਤਾ ਆਈ ਹੈ ਤੇ ਉਹ ਵਿਗਿਆਨਕ ਤਰੀਕੇ ਨਾਲ ਆਰਗੈਨਿਕ ਖੇਤੀ ਕਰਨ ਲਈ ਅੱਗੇ ਆ ਰਹੇ ਹਨ । ਉਨ੍ਹਾਂ ਨੇ ਕਿਹਾ ਕਿ ਪੰਜਾਬ ਮੁੜ ਸੁਰਜੀਤੀ ਲਹਿਰ ਆਰੰਭ ਕਰਨ ਦਾ ਮੁੱਖ ਮਨੋਰਥ ਅਕਾਲ ਪੁਰਖ ਦੇ ਨਾਮ ਦਾ ਸਹਾਰਾ ਲੈ ਕੇ ਪੰਜਾਬ ਨੂੰ ਮੁੜ ਸਿਹਤਮੰਦ ਤੇ ਰਸਾਇਣ ਮੁਕਤ ਫਸਲਾਂ ਵਾਲਾ ਖੁਸ਼ਹਾਲ ਸੂਬਾ ਬਣਾਉਣਾ ਹੈ । ਉਨ੍ਹਾਂ ਨੇ ਪੰਜਾਬ ਦੇ ਮਿਹਨਤਕਸ਼ ਕਿਸਾਨਾਂ ਨੂੰ ਕਿਹਾ ਕਿ ਉਹ ਅੰਨ੍ਹੇਵਾਹ ਰਸਾਇਣਕ ਖਾਦਾਂ ਦੀ ਵਰਤੋਂ ਨਾ ਕਰ ਕੇ 'ਆਰਗੈਨਿਕ ਖੇਤੀ' ਕਰਨ ਜਿਸ ਨਾਲ ਉਨ੍ਹਾਂ ਦੀ ਆਮਦਨ ਵਧੇਗੀ। ਸੁਮੀਤ ਸੰਧੂ ਨੇ ਦੱਸਿਆ ਕਿ ਦੁਨੀਆ 'ਚ ਲੋਕਾਂ ਦੇ ਖਾਣ-ਪੀਣ ਦਾ ਤਰੀਕਾ ਬਦਲ ਰਿਹਾ ਹੈ ਅਤੇ ਲੋਕ ਆਰਗੈਨਿਕ ਉਤਪਾਦਾਂ ਨੂੰ ਆਪਣੇ ਭੋਜਨ ਦਾ ਹਿੱਸਾ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਗੱਲ ਠੀਕ ਹੈ ਕਿ ਰਸਾਇਣਕ ਖਾਦਾਂ ਦੀ ਵਰਤੋਂ ਨਾਲ ਉਤਪਾਦਨ ਕਾਫੀ ਵਧਿਆ ਹੈ ਪਰ ਹੁਣ ਇਸ 'ਤੇ ਸਵਾਲ ਉਠਾਇਆ ਜਾ ਰਿਹਾ ਹੈ ਕਿਉਂਕਿ ਧਰਤੀ ਦੇ ਵੱਡੇ ਹਿੱਸੇ 'ਚ ਮਿੱਟੀ 'ਤੇ ਇਸ ਦਾ ਬੁਰਾ ਅਸਰ ਹੋਇਆ ਹੈ। ਇਸ ਮੌਕੇ ਡਾ: ਵੀ.ਕੇ ਸੈਣੀ, ਡਾ: ਬੀ.ਐਸ.ਔਲਖ, ਇੰਗਲੈਡ ਤੋਂ ਆਏ ਵਾਤਾਵਰਣ ਤੇ ਖੇਤੀ ਪ੍ਰੇਮੀ ਸ੍ਰੀ ਮੁਕਤੀ ਮੈਥਿਉ ਨੇ ਆਪਣੇ ਖੋਜ ਭਰਪੂਰ ਸ਼ਬਦਾਂ ਵਿੱਚ ਕਿਹਾ ਕਿ ਪਿਛਲੇ ਕਈ ਦਹਾਕਿਆਂ ਤੋਂ ਭਾਰਤ ਵਿੱਚ ਖੇਤੀ ਉਤਪਾਦਨ, ਖਾਸ ਕਰਕੇ ਭੋਜਨ ਉਤਪਾਦਨ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਹ ਪ੍ਰਾਪਤੀ ਖੇਤੀ ਵਿੱਚ ਸੁਧਰੀਆਂ ਕਿਸਮਾਂ ਦੇ ਬੀਜਾਂ, ਰਸਾਇਣਕ ਖਾਦਾਂ ਦੀ ਵਰਤੋਂ ਅਤੇ ਮਸ਼ੀਨੀਕਰਨ ਕਾਰਨ ਹੋਈ ਹੈ। ਰਸਾਇਣਕ ਖਾਦਾਂ ਦੀ ਲੰਬੇ ਸਮੇਂ ਤੱਕ ਵਰਤੋਂ ਕਰਨ ਨਾਲ ਜ਼ਮੀਨ ਦੀ ਉਤਪਾਦ- ਕਤਾ ਘਟਦੀ ਹੈ ਅਤੇ ਦੂਜੇ ਪਾਸੇ ਵਾਤਾਵਰਨ ਪ੍ਰਦੂਸ਼ਣ ਵਧਦਾ ਹੈ। ਇਨ੍ਹਾਂ ਸਮੱਸਿਆਵਾਂ ਕਾਰਨ ਖੇਤੀ ਵਿੱਚ ਬਦਲਵੇਂ ਤਰੀਕੇ ਲੱਭਣ ਦੇ ਯਤਨ ਸ਼ੁਰੂ ਹੋ ਗਏ ਹਨ। ਉਹਨਾਂ ਨੇ ਕਿਹਾ ਕਿ ਇਸ ਦਿਸ਼ਾ ਵਿੱਚ, ਅੱਜ-ਕੱਲ੍ਹ ਆਧੁਨਿਕ ਖੇਤੀ ਤੋਂ ਆਰਗੈਨਿਕ ਖੇਤੀ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਜੈਵਿਕ ਖੇਤੀ ਮਿੱਟੀ, ਖਣਿਜਾਂ, ਪਾਣੀ, ਪੌਦਿਆਂ, ਕੀੜੇ-ਮਕੌੜਿਆਂ, ਜਾਨਵਰਾਂ ਅਤੇ ਮਨੁੱਖਜਾਤੀ ਵਿਚਕਾਰ ਤਾਲਮੇਲ ਵਾਲੇ ਸੰਬੰਧਾਂ 'ਤੇ ਆਧਾਰਿਤ ਹੈ। ਇਹ ਮਿੱਟੀ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਵਾਤਾਵਰਣ ਨੂੰ ਵੀ ਸੁਰੱਖਿਆ ਪ੍ਰਦਾਨ ਕਰਦਾ ਹੈ। ਸੋ ਅੱਜ ਲੋੜ ਹੈ ਪੰਜਾਬ ਦੇ ਕਿਸਾਨ ਫਸਲੀ ਵਿਭਿੰਨਤਾ ਨੂੰ ਅਪਨਾਉਣ ਤੇ ਜੈਵਿਕ ਖੇਤੀ ਕਰਨ ਵੱਲ ਆਪਣੇ ਕਦਮ ਅੱਗੇ ਵਧਾਉਣ । ਇੱਕਤਰਤਾ ਦੌਰਾਨ ਪੰਜਾਬ ਮੁੜ ਸੁਰਜੀਤੀ ਲਹਿਰ ਦੇ ਪ੍ਰਮੁੱਖ ਪ੍ਰਬੰਧਕਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਇਹ ਵੀ ਭਰੋਸਾ ਦਿੱਤਾ ਕਿ ਜੈਵਿਕ ਖੇਤੀ ਦੀਆਂ ਫਸਲਾਂ ਦੇ ਬੀਜ ਉਪਲੱਬਧ ਕਰਵਾਉਣ, ਉਤਪਾਦਾਂ ਦਾ ਮੰਡੀਕਰਨ ਕਰਨ, ਫਸਲਾਂ ਦਾ ਉੱਚਿਤ ਮੁੱਲ ਦਿਵਾਉਣ ਵਿੱਚ ਉਹ ਆਪਣੀ ਹਰ ਸੰਭਵ ਮੱਦਦ ਕਰਨਗੇ । ਸੋ ਹੁਣ ਦੇਖਣ ਵਾਲੀ ਗੱਲ ਹੈ ਕਿ ਪੰਜਾਬ ਮੁੜ ਸੁਰਜੀਤੀ ਲਹਿਰ ਦੇ ਵੱਲੋਂ ਪੰਜਾਬ ਰਾਜ ਨੂੰ ਮੁੜ ਨਰੋਆ, ਸਿਹਤਮੰਦ ਪੰਜਾਬ ਬਣਾਉਣ ਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਖੇਤੀਬਾੜੀ ਦੇ ਧੰਦੇ ਨਾਲ ਜੋੜਨ ਲਈ ਜੈਵਿਕ ਖੇਤੀ ਕਰਨ ਦਾ ਦਿੱਤਾ ਗਿਆ ਹੋਕਾ ਕਿੰਨਾ ਕੁ ਸਹਾਈ ਸਿੱਧ ਹੁੰਦਾ ਹੈ ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸਦਭਾਵਨਾ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ ਰਾਏਕੋਟ ਵਿਖੇ ਕਰਵਾਇਆ ਗਿਆ ਪੰਜਾਬ ਯੂਨੀਵਰਸਿਟੀ ਜੋਨਲ ਸਕਿੱਲ-ਇਨ-ਟੀਚਿੰਗ ਅਤੇ ਟੀਚਿੰਗ ਏਡ ਬਣਾਉਣ ਦਾ ਮੁਕਾਬਲਾ ਕਰਵਾਏ ਗਏ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਦਭਾਵਨਾ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਰਾਏਕੋਟ ਵਿਖੇ ਐਜੂਕੇਸ਼ਨ ਜੋਨ-ਭ ਗਰੁੱਪ-ਦੂਜਾ ਪੰਜਾਬ ਯੂਨੀਵਰਸਿਟੀ ਜੋਨਲ ਸਕਿੱਲ-ਇਨ-ਟੀਚਿੰਗ ਅਤੇ ਟੀਚਿੰਗ ਏਡ ਬਣਾਉਣ ਦਾ ਮੁਕਾ-ਬਲਾ ਕਰਵਾਇਆ ਗਿਆ। ਜਿਸ ਵਿੱਚ ਐਜੂਕੇਸ਼ਨ ਦੇ 22 ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਸਮਾਜਿਕ ਸਿੱਖਿਆ, ਕਾਮਰਸ, ਇਕੋਨੋਮਿਕਸ ਅਤੇ ਫਿਜ਼ੀਕਲ ਐਜੂਕੇਸ਼ਨ ਦੇ ਵਿਸ਼ਿਆਂ ਵਿੱਚ ਭਾਗ ਲਿਆ ਗਿਆ। ਇਸ ਪ੍ਰਤੀਯੋਗਤਾ ਵਿੱਚ ਨਿਰੀਖਕ ਵਜੋਂ ਡਾ: ਤਰਕੋਲ ਬੰਧੂ (ਪ੍ਰਿੰਸੀਪਲ ਖਾਲਸਾ ਕਾਲਜ ਆਫ ਐਜੂਕੇਸ਼ਨ, ਸ਼੍ਰੀ ਮੁਕਤਸਰ ਸਾਹਿਬ) ਨੇ ਆਪਣੀਆਂ ਸੇਵਾਵਾਂ ਨਿਭਾਈਆਂ ਗਈਆਂ। ਇਸ ਤੋਂ ਇਲਾਵਾ ਬੱਚਿਆਂ ਦੇ ਮੁਕਾਬਲਿਆਂ ਨੂੰ ਜੱਜ ਕਰਨ ਲਈ ਦੂਸਰੇ ਜੋਨ ਤੋਂ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਦੇ ਤਜਰਬੇਕਾਰ ਅਧਿਆਪਕਾਂ ਵੱਲੋਂ ਆਪਣੀਆਂ ਸੇਵਾਵਾਂ ਦਿੱਤੀਆਂ ਗਈਆਂ। ਇਸ ਪ੍ਰੋਗਰਾਮ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਸ੍ਰ: ਲਾਭ ਸਿੰਘ ਉਗੋਕੇ ਹਲਕਾ ਭਦੌੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤਾ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ। ਸਦਭਾਵਨਾ ਕਾਲਜ ਆਫ ਐਜੂਕੇਸ਼ਨ ਫਾਰ ਵੂਮੈਨ, ਰਾਏਕੋਟ ਦੇ ਪ੍ਰਿੰਸੀਪਲ ਮੈਡਮ ਬਲਜੀਤ ਕੌਰ, ਪ੍ਰਧਾਨ ਡਾ: ਮਧੂਮੀਤਾ ਬੈਨਰਜੀ ਅਤੇ ਜਨਰਲ ਸੈਕਟਰੀ ਮਿਸਜ ਨੀਰਜਾ ਕਠਿਆਲਾ ਵੱਲੋਂ ਜੇਤੂ ਅਤੇ ਪ੍ਰਤੀਯੋਗੀ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਗਈਆਂ। ਵੱਖ-ਵੱਖ ਵਿਸ਼ਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ, ਕਾਲਜ ਮੈਨੇਜਮੈਂਟ ਅਤੇ ਸਮੂਹ ਸਟਾਫ ਦੁਆਰਾ ਸਨਮਾਨਿਤ ਕੀਤਾ ਗਿਆ।



# ਗੁਰੂ ਗੋਬਿੰਦ ਸਿੰਘ ਹਾਕੀ ਚੈਂਪੀਅਨਸ਼ਿਪ 2025

## ਮੁੰਡਿਆਂ ਵਿੱਚ ਜਰਖੜ ਅਕੈਡਮੀ, ਕੁੜੀਆਂ ਵਿੱਚ ਅਮਰਗੜ੍ਹ ਬਣੇ ਚੈਂਪੀਅਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਵੱਲੋਂ 9ਵੀਂ ਗੁਰੂ ਗੋਬਿੰਦ ਸਿੰਘ ਹਾਕੀ ਚੈਂਪੀਅਨਸ਼ਿਪ ਜੋ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਸਟੇਡੀਅਮ ਪੀ.ਏ.ਯੂ. ਲੁਧਿਆਣਾ ਵਿਖੇ ਧੂਮ-ਧੜੱਕੇ ਨਾਲ ਸਮਾਪਤ ਹੋਈ।

ਮੁੰਡਿਆਂ ਦੇ ਵਰਗ ਵਿੱਚ ਜਰਖੜ ਹਾਕੀ ਅਕੈਡਮੀ, ਕੁੜੀਆਂ ਦੇ ਵਰਗ ਵਿੱਚ ਨਨਕਾਣਾ ਸਾਹਿਬ ਅਕੈਡਮੀ ਅਮਰਗੜ੍ਹ ਨੇ ਖਿਤਾਬੀ ਜਿੱਤਾਂ ਹਾਸਲ ਕੀਤੀਆਂ। ਮੁੰਡਿਆਂ ਦੇ ਅੰਡਰ 17 ਸਾਲ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਏਕ ਨੂਰ ਅਕੈਡਮੀ ਤੇਹਿੰਗ ਨੂੰ ਕਰੜੇ ਸੰਘਰਸ਼ ਬਾਅਦ 2-1 ਗੋਲਾਂ ਨਾਲ ਹਰਾ ਕੇ ਚੈਂਪੀਅਨ ਜਿੱਤ ਹਾਸਿਲ ਕੀਤੀ।

ਕੁੜੀਆਂ ਦੇ ਵਰਗ ਵਿੱਚ ਨਨਕਾਣਾ ਸਾਹਿਬ ਅਕੈਡਮੀ ਅਮਰਗੜ੍ਹ ਨੇ ਮੁੰਡੀਆਂ ਕਲਾਂ ਹਾਕੀ ਸੈਂਟਰ ਨੂੰ 3-0 ਗੋਲਾਂ ਨਾਲ ਹਰਾਇਆ।ਅੰਡਰ 19 ਸਾਲ ਵਰਗ ਵਿੱਚ ਵੀ ਜਰਖੜ ਹਾਕੀ ਅਕੈਡਮੀ ਨੇ ਮਾਲਵਾ ਹਾਕੀ ਅਕੈਡਮੀ ਨੂੰ 1-1 ਬਰਾਬਰੀ ਤੋਂ ਬਾਅਦ ਪਨੈਲਟੀ ਸ਼ੂਟ ਆਊਟ ਵਿੱਚ 3-2 ਗੋਲਾਂ ਨਾਲ ਹਰਾਇਆ। ਜਰਖੜ ਹਾਕੀ ਅਕੈਡਮੀ ਦੇ ਜੋਬਨਦੀਪ ਸਿੰਘ, ਤੇਹਿੰਗ ਅਕੈਡਮੀ ਦੇ ਨਿਖਿਲ ਮਹਿਮੀ, ਮੁੰਡੀਆਂ ਸੈਂਟਰ ਦੀ ਰਾਧਾ ਕੁਮਾਰੀ, ਰਜ਼ਨੀ, ਅਮਰਗੜ੍ਹ ਅਕੈਡਮੀ ਦੀ ਨਵਜੋਤ ਕੌਰ ਨੂੰ ਸਰਵੋਤਮ ਖ਼ਿਡਾਰੀ ਚੁਣੇ ਜਾਣ ਤੇ 1-1 ਸਾਈਕਲ ਦੇ ਕੇ ਸਨਮਾਨਤ ਕੀਤਾ ਜਦਕਿ ਮਾਨਵਦੀਪ ਸਿੰਘ ਜਰਖੜ 9 ਗੋਲ ਕਰਕੇ ਟੂਰਨਾਮੈਂਟ ਦਾ ਟਾਪ ਸਕੋਰਰ ਬਣਿਆ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਸ਼ਰਨਪਾਲ ਸਿੰਘ ਮੱਕੜ ਚੇਅਰਮੈਨ ਪੰਜਾਬ ਇੰਡਸਟਰੀ ਨੇ ਕੀਤੀ । ਇਸ ਤੋਂ ਪਹਿਲਾਂ ਸਵੇਰ ਦੇ ਸੈਸ਼ਨ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾਕਟਰ ਸਤਬੀਰ ਸਿੰਘ ਗੋਸਲ , ਜੁਆਇੰਟ ਡਾਇਰੈਕਟਰ ਕਮਲਜੀਤ ਸਿੰਘ ਸੂਰੀ ਅਤੇ ਡਾਇਰੈਕਟਰ ਸਟੂਡੈਂਟ ਵੈਲਫੇਅਰ ਡਾ: ਨਿਰਮਲ ਸਿੰਘ ਜੌੜਾ ਨੇ ਮੁੱਖ ਮਹਿਮਾਨ ਵਜੋਂ ਟੀਮਾਂ ਨਾਲ ਜਾਣ ਪਹਿਚਾਣ ਕੀਤੀ । ਇਸ ਤੋਂ ਇਲਾਵਾ ਦੁਪਹਿਰ ਦੇ ਸੈਸ਼ਨ ਵਿੱਚ ਸਾਬਕਾ ਕੈਬਨਿਟ ਮੰਤਰੀ ਸ਼੍ਰੀ ਭਾਰਤ ਭੂਸਨ ਅਤੇ ਸਾਬਕਾ ਮੇਅਰ ਬਲਕਾਰ ਸਿੰਘ ਸੰਧੂ ਮੁੱਖ ਮਹਿਮਾਨ ਵਜੋਂ ਪੁੱਜੇ। ਇਸ ਮੌਕੇ ਭਾਰਤ ਭੂਸਨ ਸਾਬਕਾ ਕੈਬਨਿਟ ਮੰਤਰੀ ਨੇ ਗੁਰੂ ਗੋਬਿੰਦ ਸਿੰਘ ਹਾਕੀ ਚੈਂਪੀਅਨਸ਼ਿਪ ਵਾਸਤੇ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਇਸ ਮੌਕੇ ਦਰੋਣਾਚਾਰੀਆ ਕੋਚ ਬਲਦੇਵ ਸਿੰਘ ਅਤੇ ਓਲੰਪੀਅਨ ਹਰਦੀਪ ਸਿੰਘ ਗਰੇਵਾਲ ਨੇ ਆਏ ਮਹਿਮਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਮਾਸਟਰਜ਼ ਹਾਕੀ ਵਿੱਚ ਭਾਰਤ ਦੀ ਪ੍ਰਤੀਨਿਧਤਾ ਕਰਕੇ ਆਏ ਖਿਡਾਰੀ ਰਵਿੰਦਰ ਸਿੰਘ ਕਾਲਾ ਘਵੱਦੀ, ਬਲਜੀਤ ਕੌਰ ਜਲਾਲਦੀਵਾਲ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।

ਇਸ ਮੌਕੇ ਦੇਵਿੰਦਰ ਸਿੰਘ ਕਾਲਾ ਘੁੰਮਣ, ਰਛਪਾਲ ਸਿੰਘ ਨਾਗੀ, ਰਵਿੰਦਰ ਸਿੰਘ ਰਾਏ ਯੂ.ਕੇ, ਕੁਲਵਿੰਦਰ ਸਿੰਘ ਬੱਬੂ ਮੱਲ੍ਹੀ, ਅਰੁਣ ਸ਼ਰਮਾ ਆਮ ਆਦਮੀ ਪਾਰਟੀ, ਬਲਵਿੰਦਰ ਸਿੰਘ ਅੜੈਚਾ, ਤਰਲੋਚਨ ਸਿੰਘ ਧਮੋਟ, ਡਾ: ਵਿਸ਼ਵਜੀਤ ਸਿੰਘ ਹੰਸ, ਅਜੀਤ ਸਿੰਘ ਗੋਲੂ, ਹਰਮਿੰਦਰ ਸਿੰਘ ਅਰੋੜਾ, ਸੁਖਵਿੰਦਰ ਸਿੰਘ ਸਾਬਕਾ ਸੁਪਰਡੈਂਟ ਸਿਹਤ ਵਿਭਾਗ, ਮਹਿੰਦਰ ਸਿੰਘ ਗਿੱਲ, ਉੱਤਮ ਦੇਵ ਸਿੰਘ ਗੋਲਡੀ, ਭੁਪਿੰਦਰ ਸਿੰਘ ਭੋਲਾ ਹੈਬੋਵਾਲ, ਅਜੀਤ ਸਿੰਘ ਲਾਦੀਆ, ਹੁਕਮ ਸਿੰਘ ਗੁਰੂ ਨਾਨਕ ਕਾਰ ਬਜਾਰ, ਪ੍ਰੋਫੈਸਰ ਰਜਿੰਦਰ ਸਿੰਘ ਖਾਲਸਾ ਕਾਲਜ, ਤਜਿੰਦਰ ਸਿੰਘ ਲਾਡੀ ਡਾਇਰੈਕਟਰ ਟੂਰਨਾਮੈਂਟ, ਗੁਰਸਤਿੰਦਰ ਸਿੰਘ ਪ੍ਰਗਟ, ਜੀਵਨ ਸਿੰਘ ਗਿੱਲ, ਦਲਬੀਰ ਸਿੰਘ ਜਰਖੜ, ਕੁਲਵਿੰਦਰ ਸਿੰਘ ਰਾਜਨ ਆਦਿ ਖੇਡ ਜਗਤ ਦੀਆਂ ਹੋਰ ਉੱਘੀਆਂ ਸ਼ਖਸ਼ੀਅਤਾਂ ਹਾਜ਼ਰ ਸਨ। ਫਾਈਨਲ ਸਮਾਰੋਹ ਤੇ ਡਰੈਗਨ ਭੰਗੜਾ ਅਕੈਡਮੀ ਵੱਲੋਂ ਸੱਭਿਆਚਾਰ ਗੀਤਾਂ ਤੇ ਬਕਮਾਲ ਕੋਰੀਉਗਰਾਫੀ ਕੀਤੀ ਗਈ । ਸੰਸਥਾ ਦੇ ਪ੍ਰਧਾਨ ਅਮਰੀਕ ਮਿਨਹਾਸ ਅਤੇ ਸਕੱਤਰ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਅਗਲੇ ਵਰ੍ਹੇ ਇਸ ਹਾਕੀ ਚੈਂਪੀਅਨਸ਼ਿਪ ਨੂੰ ਕੌਮੀ ਪੱਧਰ ਤੇ ਕਰਵਾਉਣ ਦਾ ਐਲਾਨ ਕੀਤਾ।



# ਰਾਜਵਿੰਦਰ ਕੌਰ ਬਰਾੜ ਆਂਡਲੂ ਨੇ ਅੱਜ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਕਾਮਿਲ ਅਮਰ ਸਿੰਘ ਦੀ ਹਾਜ਼ਰੀ ਵਿੱਚ ਆਪਣੇ ਨਾਮਜ਼ਦਗੀ ਪੱਤਰ ਭਰੇ

**ਰਾਏਕੋਟ ( ਗੁਰਭਿੰਦਰ ਸਿੰਘ ਗੁਰੀ )** ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਜੋਨ ਪੱਖੋਵਾਲ ਤੋਂ ਕਾਂਗਰਸ ਪਾਰਟੀ ਵੱਲੋਂ ਜਿਲ੍ਹਾ ਮੀਤ ਪ੍ਰਧਾਨ ਅਤੇ ਸਰਪੰਚ ਹਰਵਿੰਦਰ ਸਿੰਘ ਰਾਜਾ ਬਰਾੜ ਦੀ ਧਰਮ ਪਤਨੀ ਰਾਜਵਿੰਦਰ ਕੌਰ ਬਰਾੜ ਨੂੰ ਉਮੀਦਵਾਰ ਬਣਾਇਆ ਗਿਆ ਹੈ। ਰਾਜਵਿੰਦਰ ਕੌਰ ਬਰਾੜ ਆਂਡਲੂ ਨੇ ਅੱਜ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਕਾਮਿਲ ਅਮਰ ਸਿੰਘ ਦੀ ਹਾਜ਼ਰੀ ਵਿੱਚ ਆਪਣੇ ਨਾਮਜ਼ਦਗੀ ਪੱਤਰ ਭਰੇ। ਇਸ ਮੌਕੇ ਸਰਪੰਚ ਹਰਵਿੰਦਰ ਸਿੰਘ ਰਾਜਾ ਬਰਾੜ ਅਤੇ ਉਮੀਦਵਾਰ ਰਾਜਵਿੰਦਰ ਕੌਰ ਬਰਾੜ ਨੇ ਲੋਕ ਸਭਾ ਮੈਂਬਰ ਡਾਕਟਰ ਅਮਰ ਸਿੰਘ, ਕਾਮਿਲ ਅਮਰ ਸਿੰਘ ਅਤੇ ਸਮੁੱਚੀ ਕਾਂਗਰਸ ਪਾਰਟੀ ਦਾ ਉਨ੍ਹਾਂ ਨੂੰ ਉਮੀਦਵਾਰ ਬਣਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਆਪ ਪਾਰਟੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਸੂਬੇ ਦੀ ਜਨਤਾ ਨਾ ਕਈ ਵਾਅਦੇ ਕੀਤੇ ਸਨ, ਜਿੰਨ੍ਹਾਂ ਵਿੱਚੋਂ ਇੱਕ ਵੀ ਪੂਰਾ ਨਹੀਂ ਹੋਇਆ। ਸਰਕਾਰ ਆਪਣੀ ਝੂਠੀ ਵਾਹਵਾ ਕਰਵਾਉਣ ਲਈ ਲੱਖਾਂ ਕਰੋੜਾਂ ਰੂਪੈ ਦੀ ਇਸ਼ਤਿਹਾਰਬਾਜ਼ੀ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੀ ਹੈ। ਉੱਨਾਂ ਕਿਹਾ ਕਿ ਸਰਕਾਰ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦੀਆਂ ਗੱਲਾਂ ਕਰ ਰਹੀ ਹੈ, ਜਦੋਂ ਕਿ ਸੱਚਾਈ ਇਹ ਆ ਕਿ ਪੰਜਾਬ ਦੇ ਹਲਾਤ ਬਹੁਤ ਮਾੜੇ ਹੋ ਗਏ ਹਨ, ਸੂਬੇ 'ਚ ਰੋਜ਼ਾਨਾ ਕਤਲ, ਲੁੱਟਾਂ ਖੋਹਾਂ ਅਤੇ ਚੋਰੀ ਆਦਿ ਘਟਨਾਵਾਂ ਵਾਪਰ ਰਹੀਆਂ ਹਨ। ਜਿਸ ਕਾਰਨ ਪੰਜਾਬ ਦੇ ਲੋਕ ਆਪ ਨੂੰ ਚੱਲਦਾ ਕਰਨ ਲਈ ਕਾਹਲੇ ਹਨ। ਹਰਵਿੰਦਰ ਸਿੰਘ ਰਾਜਾ ਬਰਾੜ ਨੇ ਭਰੋਸਾ ਦਿਵਾਇਆ ਕਿ ਉਹ ਜੋਨ ਪੱਖੋਵਾਲ ਤੋਂ ਆਪਣੀ ਸੀਟ ਜਿੱਤ ਕੇ ਕਾਂਗਰਸ ਪਾਰਟੀ ਦੀ ਝੋਲੀ ਪਾਉਣਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਅਤੇ ਵਰਕਰ ਹਾਜ਼ਰ ਸਨ।



# ਸਵ. ਬੱਚੀ ਰਾਧਿਕਾ ਜਿੰਦਲ ਨਮਿੱਤ ਸ੍ਰੀ ਗਰੁੜ ਪੁਰਾਨ ਜੀ ਦੇ ਭੋਗ ਅਤੇ ਅੰਤਿਮ ਅਰਦਾਸ ਅਨਾਜ ਮੰਡੀ ਮਹਿਲ ਕਲਾਂ ਵਿਖੇ ਹੋਈ

## ਜਿੰਦਲ ਪਰਿਵਾਰ ਨੇ ਬੱਚੀ ਦੀ ਪੜਾਈ ਅਤੇ ਇਲਾਜ ਲਈ ਪੂਰੇ ਯਤਨ ਕੀਤੇ.ਵਿਧਾਇਕ ਬਰਨਾਲਾ ਕੁਲਦੀਪ ਸਿੰਘ ਕਾਲਾ ਢਿੱਲੋਂ









**ਮਹਿਲ ਕਲਾਂ (ਗੁਰਭਿੰਦਰ ਸਿੰਘ ਗੁਰੀ)** ਸਥਾਨਕ ਕਸਬਾ ਮਹਿਲ ਕਲਾਂ ਦੇ ਕਾਰੋਬਾਰੀ ਜਿੰਦਲ ਪਰਿਵਾਰ ਨੂੰ ਪਿਛਲੇ ਦਿਨੀ ਵਿਛੋੜਾ ਦੇ ਗਈ ਸਵ ਰਾਧਿਕਾ ਜਿੰਦਲ ਨਮਿੱਤ ਸ੍ਰੀ ਗਰੁੜ ਪੁਰਾਨ ਜੀ ਦੇ ਭੋਗ ਅਤੇ ਅੰਤਿਮ ਅਰਦਾਸ ਅਨਾਜ ਮੰਡੀ ਮਹਿਲ ਕਲਾਂ ਵਿਖੇ ਹੋਈ। ਇਸ ਮੌਕੇ ਪੰਡਤ ਸ੍ਰੀ ਵੱਲੋਂ ਸ੍ਰੀ ਗਰੁੜ ਪੁਰਾਣ ਦੇ ਭੋਗ ਅਤੇ ਰਾਧਿਕਾ ਜਿੰਦਲ ਦੀ ਆਤਮਿਕ ਸਾਂਤੀ ਲਈ ਜਾਪ ਕੀਤੇ ਗਏ। ਇਸ ਮੌਕੇ ਵੱਡੀ ਗਿਣਤੀ ਵਿੱਚ ਰਾਜਨੀਤਿਕ ਪਾਰਟੀਆਂ ਦੇ ਸੀਨੀਅਰ ਆਗੂਆਂ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਨੁੰਮੇਇੰਦੇ, ਸਰਪੰਚ ਪੰਚ ਅਤੇ ਦੁਕਾਨਦਾਰ ਯੂਨੀਅਨ ਮਹਿਲ ਕਲਾਂ ਵੱਲੋਂ ਬੱਚੀ ਰਾਧਿਕਾ ਜਿੰਦਲ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਗੱਲਬਾਤ ਕਰਦਿਆਂ ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਸਮਾਜ ਸੇਵੀ ਭਾਨਾ ਸਿੱਧੂ, ਵਿਧਾਇਕ ਬਰਨਾਲਾ ਕੁਲਦੀਪ ਸਿੰਘ ਕਾਲਾ ਢਿੱਲੋ ਨੇ ਕਿਹਾ ਕਿ ਜਿੰਦਲ ਪਰਿਵਾਰ ਨੇ ਬੱਚੀ ਦੀ ਪੜਾਈ ਅਤੇ ਇਲਾਜ ਲਈ ਪੂਰੇ ਯਤਨ ਕੀਤੇ। ਦੇਸ ਦੇ ਮਹਿੰਗੇ ਤੋ ਮਹਿੰਗੇ ਹਸਪਤਾਲਾਂ ਵਿੱਚ ਇਲਾਜ ਕਰਵਾਇਆ,ਪਰ ਪ੍ਰਾਮਤਮਾ ਨੂੰ ਕੁਝ ਹੋਰ ਹੀ ਮਨਜੂਰ ਸੀ। ਉਹਨਾਂ ਕਿਹਾ ਕਿ ਜਿੰਦਲ ਪਰਿਵਾਰ ਵੱਲੋਂ ਬਾਬੂ ਵਜੀਰ ਚੰਦ ਵਜੀਦਕੇ ਅਤੇ ਮਾਤਾ ਸੀਲਾ ਦੇਵੀ ਦੇ ਪਿੰਡ ਵਜੀਦਕੇ ਖੁਰਦ ਕਾਰਜਕਾਲ ਦੌਰਾਨ ਅਹਿਮ ਕਾਰਜ ਕੀਤੇ। ਉਹਨ੍ਹਾ ਦੇ ਨਕਸੇ ਕਦਮ ਤੇ ਚੱਲਦੇ ਹੋਏ ਜਿੰਦਲ ਪਰਿਵਾਰ ਦੇ ਤਿੰਨੋ ਭਰਾ ਏਕੇ ਨਾਲ ਸਮਾਜ ਸੇਵਾ ਦਾ ਕਾਰਜਾਂ ਲਈ ਅਹਿਮ ਸੇਵਾ ਨਿਭਾਉਦੇ ਆ ਰਹੇ ਹਨ। ਇਸ ਮੌਕੇ ਰਾਧਿਕਾ ਜਿੰਦਲ ਦੇ ਦਾਦੀ ਜੀ ਸੀਲਾ ਦੇਵੀ, ਪਿਤਾ ਰਜਿੰਦਰ ਕੁਮਾਰ ਜਿੰਦਲ, ਤਾਇਆ ਸਤਿੰਦਰ ਕੁਮਾਰ ਜਿੰਦਲ ਅਤੇ ਹਰਵਿੰਦਰ ਕੁਮਾਰ ਜਿੰਦਲ,ਭਰਾ ਅਸੋਕ ਅਗਰਵਾਲ ਅਤੇ ਨਰੇਸ ਭਾਰਤ ਨੇ ਰਾਧਿਕਾ ਜਿੰਦਲ ਦੇ ਸਰਧਾਜਲੀ ਸਮਾਗਮ ਵਿੱਚ ਪੁੱਜੀਆਂ ਸਮੂਹ ਸਖਸੀਆਤਾ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਕਾਗਰਸ ਦੇ ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸੰਮੀ,ਮਾਰਕੀਟ ਕਮੇਟੀ ਦੇ ਚੇਅਰਮੈਨ ਸਰਪੰਚ ਸੁਖਵਿੰਦਰ ਦਾਸ ਕੁਰੜ, ਪਿਆਰਾ ਸਿੰਘ ਮਾਹਮਦ- ਪੁਰ, ਗੁਰਮੇਲ ਸਿੰਘ ਮੌੜ੍ਹ, ਚੇਆਰਮੈਨ ਸਰਬਜੀਤ ਕੌਰ ਖੁੱਡੀ, ਰਿੰਕਾ ਕੁਤਬਾ ਬਾਹਮਣੀਆ, ਲਾਡੀ ਸਰਪੰਚ ਝਲੂਰ, ਜਸਮੇਲ ਸਿੰਘ ਡੇਅਰੀਵਾਲਾ, ਡੀਐਸਪੀ ਬਲਜੀਤ ਸਿੰਘ , ਐਡਵੋਕੇਟ ਬਲਦੇਵ ਸਿੰਘ ਪੇਧਨੀ, ਬਨੀ ਖਹਿਰਾ, ਸਰਪੰਚ ਹਰਪਾਲ ਸਿੰਘ ਮਹਿਲ ਖੁਰਦ, ਗਗਨ ਸਰਾਂ ਕੁਰੜ, ਆੜਤੀਆ ਸਰਬਜੀਤ ਸਿੰਘ ਸਰਭੀ, ਜਿਲਾ ਪ੍ਰਧਾਨ ਸੁਖਜੀਤ ਕੌਰ ਸੁੱਖੀ, ਜਸਵਿੰਦਰ ਸਿੰਘ ਮਾਗਟ ਹਮੀਦੀ, ਡਾ ਪ੍ਰਵੀਨ ਸਿੰਗਲਾ, ਸੁਸੀਲ ਕੁਮਾਰ ਗੋਇਲ, ਸੁਖਵਿੰਦਰ ਸਿੰਘ ਨਿਹਾਲੂਵਾਲ, ਬਲਦੇਵ ਸਿੰਘ ਗਾਗੇਵਾਲ, ਸੋਮਨਾਥ ਸਰਮਾ, ਕਾਤਾ ਕੁਠਾਲਾ, ਹਰਜੀਤ ਸਿੰਘ ਖਿਆਲੀ, ਬਾਬਾ ਸੇਰ ਸਿੰਘ ਖਾਲਸਾ, ਕੰਨਗੋ ਉਜਾਗਰ ਸਿੰਘ ਛਾਪਾ, ਪ੍ਰੇਮਜੀਤ ਸਿੰਘ ਮੂੰਮ, ਮਾ ਹਰਮਨਜੀਤ ਸਿੰਘ ਕੁਤਬਾ, ਡਾ ਪਰਮਿੰਦਰ ਸਿੰਘ ਹਮੀਦੀ।

# ਜਾਬਰ ਮਨੁੱਖਤਾ ਵਿਰੋਧੀ ਨੀਤੀਆਂ ਦੇ ਚਰਿੱਤਰ ਨੂੰ ਪੇਸ਼ ਕਰਦੀ ਫਿਲਮ "ਧੁਰੰਧਰ" ਤੇ ਤੁਰੰਤ ਰੋਕ ਲਵਾਉਣ ਸਬੰਧੀ ਦਿੱਤਾ ਯਾਦ ਪੱਤਰ



**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** – ਫਿਲਮ ਇੰਡਸਟਰੀ ਵੱਲੋਂ 05 ਦਸੰਬਰ ਨੂੰ ਨਵੀਂ ਰਿਲੀਜ਼ ਕੀਤੀ ਜਾ ਰਹੀ ਫਿਲਮ "ਧੁਰੰਧਰ" ਜਿਸ ਵਿੱਚ ਜਾਬਰ ਔਰੰਗਜ਼ੇਬ ਵਰਗੇ ਕਿਰਦਾਰ ਨੂੰ ਉਭਾਰਦੇ ਹੋਏ ਆਮ ਨਿਵਾਸੀਆਂ ਉੱਤੇ ਜਬਰ ਜੁਲਮ ਢਾਉਣ ਵਾਲੇ ਕੇਂਦਰ ਹਕੂਮਤ ਵਿੱਚ ਬਤੌਰ ਸੁਰੱਖਿਆ ਸਲਾਹਕਾਰ ਕੰਮ ਕਰਨ ਵਾਲੇ ਅਜੀਤ ਡੋਵਾਲ ਵਰਗ ਦੇ ਕਿਰਦਾਰ ਨੂੰ ਉਭਾਰਿਆ ਗਿਆ ਹੈ ਤੇ ਤੁਰੰਤ ਰੋਕ ਲਗਵਾਉਣ ਸਬੰਧੀ ਗੁਰਨਾਮ ਸਿੰਘ ਸਿੰਗੜੀਵਾਲਾ ਜਿਲ੍ਹਾ ਪ੍ਰਧਾਨ ਤੇ ਸੰਦੀਪ ਸਿੰਘ ਖਾਲਸਾ ਟਾਂਡਾ ਜਰਨਲ ਸਕੱਤਰ ਪੰਜਾਬ ਯੂਥ ਵਿੰਗ ਦੀ ਅਗਵਾਈ ਹੇਠ ਇੱਕ ਯਾਦ ਪੱਤਰ ਡਿਪਟੀ ਕਮਿਸ਼ਨਰ ਅਸ਼ਿਕਾ ਜੈਨ ਦੀ ਗੈਰ ਹਾਜਰੀ ਵਿੱਚ ਅਮਰਵੀਰ ਕੌਰ ਭੁੱਲਰ ਏ ਡੀ ਸੀ ਜਰਨਲ ਨੂੰ ਦਿੱਤਾ ਗਿਆ ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਅਤੇ ਸੰਦੀਪ ਸਿੰਘ ਖਾਲਸਾ ਨੇ ਸਾਂਝੇ ਤੌਰ ਤੇ ਕਿਹਾ ਕਿ ਪੰਜਾਬ ਵਿੱਚ ਬੀਤੇ ਸਮੇਂ ਸਿੱਖਾਂ ਦੇ ਹੋਏ ਕਤਲੇਆਮ ਜਬਰ ਜ਼ੁਲਮ ਅਤੇ ਝੂਠੇ ਪੁਲਿਸ ਮੁਕਾਬਲਿਆਂ ਲਈ ਜਿੰਮੇਵਾਰ ਕੇਪੀਐਸ ਗਿੱਲ, ਸੁਮੇਧ ਸੈਣੀ, ਅਜਹਾਰ ਆਲਮ ਵਰਗੇ ਪੁਲਿਸ ਅਫਸਰਾਂ ਰਾਹੀਂ ਪੰਜਾਬ ਵਿੱਚ ਵੱਡੇ ਪੱਧਰ ਤੇ ਅਣਮਨੁੱਖੀ ਕਾਰਵਾਈਆਂ ਕੀਤੀਆਂ ਅਤੇ ਸਿੱਖ ਕੌਮ ਤੇ ਪੰਜਾਬੀਆਂ ਦਾ ਘਾਣ ਹੋਇਆ ਦੇ ਅਸਲੀ ਜਿੰਮੇਵਾਰ ਅਜੀਤ ਡੋਵਾਲ ਹੀ ਸਨ ਉਹਨਾਂ ਕਿਹਾ ਕਿ ਧਰ ਅੰਦਰ ਫਿਲਮ ਉਤੇ ਤੁਰੰਤ ਰੋਕ ਲਗਾਇਆ ਲਗਾਈ ਜਾਵੇ ਅਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਮਨੁੱਖੀ ਹੱਕਾਂ ਵਾਲੇ ਕਿਰਦਾਰ ਨੂੰ ਉਭਾਰਦੀ ਫਿਲਮ ਪੰਜਾਬ 95 ਤੁਰੰਤ ਰਿਲੀਜ ਕੀਤੀ ਜਾਵੇ ਇਸ ਸਮੇਂ ,ਅਵਤਾਰ ਸਿੰਘ ਝੀਂਗੜ ਕਲਾਂ, ਬੀਬੀ ਰਾਜਵਿੰਦਰ ਕੌਰ ਢੱਡੇ ਫਤਿਹ ਸਿੰਘ, ਬੀਬੀ ਸਪਨਾ, ਬੇਬੀ ਪੰਡੋਰੀ ਬੀਬੀ ਦੀ, ਅਜੇ ਮੱਲ,ਗੁਰਨਾਮ ਸਿੰਘ ਫੱਤਣ ਚੱਕ ਆਦਿ ਹਾਜ਼ਰ ਸਨ।

**ਫੋਟੋ ਅਜਮੇਰ ਦੀਵਾਨਾ**

# ਵਿਕਾਸ ਖੁਣੋ ਪਿਛੜ ਗਏ ਪੰਜਾਬ ਨੂੰ ਦੁਬਾਰਾ ਲੀਹ ਤੇ ਲਿਆਉਣ ਲਈ ਸ਼੍ਰੋਮਣੀ ਅਕਾਲੀ ਦਲ ਜਰੂਰੀ

## ਬਾਜਵਾ,ਤਲਵਾੜ,ਲੱਖੀ, ਲਾਲੀ,ਭਾਰਦਵਾਜ ਜ਼ਿਲਾ ਪਰਿਸ਼ਦ ਉਮੀਦਵਾਰ ਇਕਬਾਲ ਸਿੰਘ ਗੋਪੀ ਦੇ ਦਫਤਰ ਦਾ ਕੀਤਾ ਉਦਘਾਟਨ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – ਵਿਕਾਸ ਖੁਣੋ ਪਿਛੜ ਗਏ ਪੰਜਾਬ ਨੂੰ ਦੁਬਾਰਾ ਲੀਹ ਤੇ ਲਿਆਉਣ ਲਈ ਸ਼੍ਰੋਮਣੀ ਅਕਾਲੀ ਦਲ ਦਾ ਸਰਕਾਰ ਬਣਾਉਣਾ ਜਰੂਰੀ ਹੈ ਕਿਉਂਕਿ ਪੰਜਾਬ ਪੱਖੀ ਸੋਚ ਕੇਵਲ ਖੇਤਰੀ ਪਾਰਟੀ ਹੀ ਰੱਖ ਸਕਦੀ ਹੈ ਤੇ ਬਾਹਰਲੀਆਂ ਪਾਰਟੀਆਂ ਨੇ ਹਮੇਸ਼ਾ ਪੰਜਾਬ ਅਤੇ ਪੰਜਾਬੀਅਤ ਨਾਲ ਧੋਖਾ ਕੀਤਾ ਹੈ। ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਅਤੇ ਸਾਬਕਾ ਰਾਜ ਸਭਾ ਮੈਂਬਰ ਵਰਿੰਦਰ ਸਿੰਘ ਬਾਜਵਾ ਨੇ ਅੱਜ ਬਜਵਾੜਾ ਵਿਖੇ ਜਿਲਾ ਪਰਿਸ਼ਦ ਉਮੀਦਵਾਰ ਇਕਬਾਲ ਸਿੰਘ ਗੋਪੀ ਦੇ ਚੁਣਾਵੀ ਦਫਤਰ ਦਾ ਉਦਘਾਟਨ ਕਰਦੇ ਹੋਏ ਕਹੇ । ਇਸ ਮੌਕੇ ਦਿਹਾਤੀ ਜ਼ਿਲਾ ਪ੍ਰਧਾਨ ਲਖਬੀਰ ਸਿੰਘ ਲੱਖੀ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਰਹਿਨੁਮਾਈ ਹੇਠ ਜਿਲਾ ਹੁਸ਼ਿਆਰਪੁਰ ਸਾਰੇ ਜਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੁਣਾਵਾਂ ਨੂੰ ਜੋਰ ਸ਼ੋਰ ਨਾਲ ਲੜ ਕੇ ਜਿੱਤ ਪ੍ਰਾਪਤ ਕੀਤੀ ਜਾਵੇਗੀ। ਪ੍ਰੋਗਰਾਮ ਨੂੰ ਸੰਬੋਧਿਤ ਕਰਦਿਆਂ ਸ਼ਹਿਰੀ ਜਿਲਾ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਕਿਹਾ ਅਕਾਲੀ ਦਲ ਦੇ ਸਾਰੇ ਵਰਕਰ ਇੱਕਜੁੱਟ ਹੋ ਕੇ ਸਰਕਾਰ ਦੇ ਹਰ ਜ਼ੁਲਮ ਦਾ ਮੁਕਾਬਲਾ ਕਰ ਰਹੇ ਹਨ ਤੇ ਆਉਣ ਵਾਲੇ ਸਮੇਂ ਵਿੱਚ ਸਰਕਾਰ ਦੇ ਕਿਸੇ ਵੀ ਧੱਕੇ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਵਰਕਰਾਂ ਨੂੰ ਸੰਬੋਧਿਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਨੇ ਹੁੰਗਾਰਾ ਦਿੱਤਾ ਕਿ ਇਹ ਚੁਣਾਵ ਪੰਜਾਬ ਸਰਕਾਰ ਦੀ ਰਹਿੰਦੀ ਖੂੰਦੀ ਨੀਹ ਵੀ ਹਿਲਾ ਦੇਣਗੇ। ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਵਰਕਰਾਂ ਦਾ ਧੰਨਵਾਦ ਕਰਦਿਆਂ ਜਹਾਨ ਖੇਲਾ ਸਰਕਲ ਪ੍ਰਧਾਨ ਜਗਤਾਰ ਸਿੰਘ ਨੇ ਭਰੋਸਾ ਦਵਾਇਆ ਕਿ ਸ਼੍ਰੋਮਣੀ ਅਕਾਲੀ ਦਲ ਦਾ ਹਰ ਇੱਕ ਵਰਕਰ ਬੂਥ ਤੇ ਪੂਰਾ ਪਹਿਰਾ ਦਵੇਗਾ। ਇਸ ਮੌਕੇ ਸ਼ਮਸ਼ੇਰ ਸਿੰਘ ਭਾਰਦਵਾਜ਼, ਨਰਿੰਦਰ ਸਿੰਘ, ਹਰਜੀਤ ਸਿੰਘ, ਨੀਤੀ ਤਲਵਾੜ, ਪ੍ਰੀਆ ਸੈਣੀ ਦੇ ਨਾਲ ਨਾਲ ਵੱਖ-ਵੱਖ ਪਿੰਡਾਂ ਦੇ ਪੰਚ ਸਰਪੰਚ ਅਤੇ ਹੋਰ ਸੈਂਕੜਾ ਵਰਕਰ ਵੀ ਮੌਜੂਦ ਸਨ।

**ਫੋਟੋ ਅਜਮੇਰ ਦੀਵਾਨਾ**

# ਬਾਲ ਸੁਰੱਖਿਆ ਵਿਭਾਗ ਵੱਲੋਂ ਅਚਨਚੇਤ ਚੈਕਿੰਗ ਦੌਰਾਨ ਇੱਕ ਭੀਖ ਮੰਗਦਾ ਬੱਚਾ ਕੀਤਾ ਰੈਸਕੀਊ

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪ੍ਰੋਜੈਕਟ ਜੀਵਨਜੋਤ 2.0 ਤਹਿਤ ਸਮਾਜ ਅੰਦਰ ਭੀਖ ਮੰਗਦੇ ਬੱਚਿਆਂ ਦੀ ਪਹਿਚਾਣ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਸ਼ੁਰੂ ਕੀਤੀ ਮੁਹਿੰਮ ਲਗਾਤਾਰ ਜਾਰੀ ਹੈ। ਇਸੇ ਕੜੀ ਤਹਿਤ ਸਥਾਨਕ ਬਾਲ ਸੁਰੱਖਿਆ ਵਿਭਾਗ ਦੀ ਟੀਮ ਅਤੇ ਪੁਲਿਸ ਵਿਭਾਗ ਵੱਲੋਂ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ। ਬਾਲ ਸੁਰੱਖਿਆ ਅਫਸਰ ਮੁਬੀਨ ਕੁਰੈਸ਼ੀ ਨੇ ਦੱਸਿਆ ਕਿ ਬੱਸ ਅੱਡਿਆਂ ਅਤੇ ਹੈਦਰ ਸ਼ੇਖ ਦੀ ਦਰਗਾਹ ਨੇੜੇ ਚੈਕਿੰਗ ਦੌਰਾਨ ਭੀਖ ਮੰਗ ਰਹੇ ਇੱਕ ਬੱਚੇ ਨੂੰ ਟੀਮ ਵੱਲੋਂ ਤੁਰੰਤ ਸੁਰੱਖਿਅਤ ਸਥਾਨ 'ਤੇ ਭੇਜ ਕੇ ਚਾਈਲਡ ਵੇਲਫੇਅਰ ਕਮੇਟੀ ਕੋਲ ਭੇਜਿਆ ਗਿਆ। ਟੀਮ ਵੱਲੋਂ ਬੱਚੇ ਦੇ ਪਰਿਵਾਰ ਨਾਲ ਰਾਬਤਾ ਕਰ ਕੇ ਬੱਚੇ ਦੀ ਸਕੂਲੀ



ਸਿੱਖਿਆ ਮੁੜ ਸ਼ੁਰੂ ਕਰਵਾਉਣ ਬਾਰੇ ਹਦਾਇਤ ਕੀਤੀ ਗਈ । ਉਨ੍ਹਾਂ ਪਰਿਵਾਰਿਕ ਮੈਂਬਰਾਂ ਨੂੰ ਸਖਤ ਸ਼ਬਦਾਂ ਵਿੱਚ ਤਾੜਨਾ ਕੀਤੀ ਕਿ ਦੁਬਾਰਾ ਅਜਿਹਾ ਹੋਣ ਤੇ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਲ ਸੁਰੱਖਿਆ ਅਫਸਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਦੇ ਆਲੇ- ਦੁਆਲੇ ਕਿਸੇ ਵੀ ਬੱਚੇ ਨੂੰ ਮੁੱਢਲੀ ਸਹਾਇਤਾ ਦੀ ਲੋੜ ਹੋਵੇ ਜਾਂ ਕੋਈ ਬਾਲ ਭੀਖ ਮੰਗਦਾ ਦਿਖਾਈ ਦੇਵੇ ਤਾਂ ਇਸ ਦੀ ਜਾਣਕਾਰੀ ਬਾਲ ਸੁਰੱਖਿਆ ਵਿਭਾਗ ਦੇ ਹੈਲਪਲਾਈਨ ਨੰ 1098 'ਤੇ ਤੁਰੰਤ ਸੂਚਨਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਬਾਲ ਭੀਖਿਆ ਦੇ ਮੁਕੰਮਲ ਖਾਤਮੇ ਲਈ ਜਾਗਰੂਕਤਾ ਅਤੇ ਚੈਕਿੰਗ ਮੁਹਿੰਮ ਜਾਰੀ ਰਹੇਗੀ। ਇਸ ਮੌਕੇ ਏ.ਐਸ.ਆਈ ਬਲਵੀਰ ਸਿੰਘ, ਮੀਡੀਆ ਸਹਾਇਕ ਪਰਗਟ ਸਿੰਘ, ਕੇਸ ਵਰਕਰ ਗੁਰਤੇਜ ਸਿੰਘ, ਗੁਰਜੰਟ ਸਿੰਘ, ਰਵਿੰਦਰ ਕੌਰ, ਲਵਪ੍ਰੀਤ ਸਿੰਘ, ਕੁਲਵੀਰ ਸਿੰਘ ਸਮੇਤ ਜ਼ਿਲ੍ਹਾ ਬਾਲ ਸੁਰੱਖਿਆ ਟੀਮ ਦੇ ਹੋਰ ਮੈਂਬਰ ਹਾਜ਼ਰ ਸਨ।

# ਖੁੱਲ੍ਹੇ ਵਿੱਚ ਕੂੜਾ ਸਾੜਨ ਤੇ ਡੰਪ ਕਰਨ ਵਿਰੁੱਧ ਪਾਬੰਦੀ ਦੇ ਹੁਕਮ ਜਾਰੀ,ਸਫਾਈ ਸੇਵਕਾਂ ਨੂੰ ਸੁੱਕਾ ਤੇ ਗਿੱਲਾ ਕੂੜਾ ਵੱਖ ਵੱਖ ਇੱਕਤਰ ਕਰਨ ਪ੍ਰਤੀ ਕੀਤਾ ਜਾਗਰੂਕ

## ਬਾਇਓ-ਮੈਡੀਕਲ ਵੇਸਟ ਸਿਰਫ਼ ਅਧਿਕਾਰਤ ਏਜੰਸੀ "ਮੈਡੀਕੇਅਰ" ਵੱਲੋਂ ਹੀ ਇਕੱਠ ਕੀਤਾ ਜਾਵੇਗਾ- ਐਸ.ਡੀ.ਓ ਗੁਰਮੇਹਰ ਸਿੰਘ

**ਮਾਲੇਰਕੋਟਲਾ (ਕੁਲਵੰਤ ਸਿੰਘ ਮੁਹਾਲੀ)** ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਖੁੱਲ੍ਹੇ ਵਿੱਚ ਕੂੜਾ ਸਾੜਨ ਅਤੇ ਡੰਪ ਕਰਨ 'ਤੇ ਪਾਬੰਦੀ, ਸੁੱਕਾ ਤੇ ਗਿੱਲਾ ਕੂੜਾ ਇੱਕਤਰ ਕਰਨ ਬਾਰੇ ਲੋਕਾਂ ਅਤੇ ਸੰਸਥਾਵਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਸਿਖਲਾਈ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਦੀ ਅਗਵਾਈ ਐਸ.ਡੀ.ਓ ਗੁਰਮੇਹਰ ਸਿੰਘ ਨੇ ਕੀਤੀ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਵਾਤਾਵਰਣ ਪ੍ਰਦੂਸ਼ਣ ਰੋਕਣ ਲਈ ਖੁੱਲ੍ਹੇ ਵਿੱਚ ਕੋਈ ਵੀ ਕੂੜਾ, ਖਾਸ ਕਰਕੇ ਬਾਇਓ-ਮੈਡੀਕਲ ਵੇਸਟ ਸਾੜਨਾ ਜਾਂ ਕਿਤੇ ਵੀ ਫੈਲਾਉਣ ਦੀ ਪੂਰੀ ਤਰ੍ਹਾਂ ਮਨਾਹੀ ਹੈ। ਐਸ.ਡੀ.ਓ ਗੁਰਮੇਹਰ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਬਾਇਓ-ਮੈਡੀਕਲ ਵੇਸਟ ਇਕੱਠਾ ਕਰਨ ਲਈ ਕੇਵਲ "ਮੈਡੀਕੇਅਰ" ਏਜੰਸੀ ਨੂੰ ਹੀ ਅਧਿਕਾਰਤ ਕੀਤਾ ਗਿਆ ਹੈ। ਉਨ੍ਹਾਂ ਸਫਾਈ ਸੇਵਕਾਂ ਨੂੰ ਅਪੀਲ ਕੀਤੀ ਕਿ ਉਹ ਇੰਸਟਿਊਸ਼ਨਲ ਬਾਇਓ-ਮੈਡੀਕਲ ਵੇਸਟ ਇਕੱਠਾ ਨਾ ਕਰਨ। ਉਨ੍ਹਾਂ ਸਪਸ਼ਟ ਕਿਹਾ ਕਿ ਹਸਪਤਾਲ, ਡਾਇਗਨੋਸਟਿਕ ਸੈਂਟਰ, ਕਲੀਨਿਕ, ਲੈਬ ਆਦਿ ਆਪਣੇ



ਬਾਇਓ-ਮੈਡੀਕਲ ਕੂੜੇ ਨੂੰ ਸਿਰਫ਼ ਅਧਿਕਾਰਤ ਏਜੰਸੀ ਨੂੰ ਹੀ ਹਵਾਲੇ ਕਰਨ ਦੇ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਹਸਪਤਾਲ ਜਾਂ ਸੰਸਥਾ ਬਾਇਓ-ਮੈਡੀਕਲ ਵੇਸਟ ਨੂੰ ਖੁੱਲ੍ਹੇ ਵਿੱਚ ਗੇਰਦੀਆਂ ਜਾਂ ਸਾੜਦੀਆਂ ਪਾਈਆਂ ਜਾਂਦੀਆਂ ਹਨ, ਤਾਂ ਇਸ ਸਬੰਧੀ ਤੁਰੰਤ ਜਾਣਕਾਰੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਦਿੱਤੀ ਜਾਵੇ, ਤਾਂ ਜੋ ਹਦਾਇਤਾਂ ਅਨੁਸਾਰ ਉਸ ਹਸਪਤਾਲ ਵਿਰੁੱਧ ਕਾਰਵਾਈ ਕੀਤੀ ਜਾ ਸਕੇ। ਐਸ.ਡੀ.ਓ ਗੁਰਮੇਹਰ ਸਿੰਘ ਨੇ ਕਿਹਾ ਕਿ ਪਰਾਲੀ ਸਾੜਨ ਤੋਂ ਇਲਾ-ਵਾ ਹਸਪਤਾਲੀ ਕੂੜਾ ਖੁੱਲ੍ਹੇ ਵਿੱਚ ਸਾੜਨਾ ਵੀ ਹਵਾ ਪ੍ਰਦੂਸ਼ਣ ਦਾ ਵੱਡਾ ਕਾਰਨ ਹੈ, ਜੋ ਮਨੁੱਖੀ ਸਿਹਤ ਲਈ ਬਹੁਤ ਨੁਕਸਾਨਦੇਹ ਹੈ। ਇਸ ਲਈ ਹਰ ਸੰਸਥਾ ਨੂੰ ਆਪਣੀ ਨੈਤਿਕ ਅਤੇ ਕਾਨੂੰਨੀ ਜ਼ਿੰਮੇਵਾਰੀ ਸਮਝਦਿਆਂ ਪ੍ਰਦੂਸ਼ਣ ਮਰਯਾਦਾਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜਾਗਰੂਕਤਾ ਕੈਂਪ ਦੌਰਾਨ ਸਫਾਈ ਸੇਵਕਾਂ, ਨਗਰ ਕੌਂਸਲ ਦੇ ਪ੍ਰਤੀਨਿਧੀਆਂ ਅਤੇ ਹੈਲਥ ਇੰਸਟਿਊਸ਼ਨਾਂ ਦੇ ਪ੍ਰਤੀਨਿਧੀਆਂ ਨੂੰ ਪ੍ਰਦੂਸ਼ਣ ਕੰਟਰੋਲ ਨਿਯਮ, ਬਾਇਓ-ਮੈਡੀਕਲ ਵੇਸਟ ਮੈਨੇਜਮੈਂਟ ਪ੍ਰੋਟੋਕੋਲ ਅਤੇ ਸਜ਼ਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਪ੍ਰਦਾਨ ਕੀਤੀ ਗਈ। ਐਸ.ਡੀ.ਓ ਨੇ ਅਪੀਲ ਕੀਤੀ ਕਿ ਸਾਫ਼-ਸੁਥਰਾ ਅਤੇ ਪ੍ਰਦੂਸ਼ਣ-ਮੁਕਤ ਵਾਤਾਵਰਣ ਬਣਾਉਣਾ ਸਾਡੇ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਹਦਾਇਤਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਕੜੀ ਕਾਰਵਾਈ ਕੀਤੀ ਜਾਵੇਗੀ।

# ਆਲਟੋ ਕਾਰ ਨੂੰ ਸਕਾਰਪੀਊ ਗੱਡੀ ਨੇ ਮਾਰੀ ਟੱਕਰ

## ਆਲਟੋ ਸਵਾਰ 2 ਵਿਆਕਤੀ ਹੋਏ ਗੰਭੀਰ ਜਖਮੀ, ਗੱਡੀ ਬੁਰੀ ਤਰ੍ਹਾਂ ਨਾਲ ਨੁਕਸਾਨੀ, ਸਕਾਰਪੀਊ ਚਾਲਕ ਮੌਕੇ ਤੋਂ ਗੱਡੀ ਲੈ ਕੇ ਫਰਾਰ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )-** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਸਥਿਤ ਪਿੰਡ ਰੈਲਮਾਜਰਾ ਦੇ ਕੋਲ ਨਜ਼ਦੀਕ ਸਿਲਵਰਓਕ ਹੋਟਲ ਦੇ ਸਾਹ ਸਾਹਮਣੇ ਇਕ ਆਲਟੋ ਕਾਰ ਨੂੰ ਪਿੱਛੇ ਤੋਂ ਆ ਰਹੀ ਸਕਾਰਪੀਊ ਗੱਡੀ ਨੇ ਜ਼ੋਰਦਾਰ ਟੱਕਰ ਮਾਰ ਦਿੱਤੀ ।ਜਿਸਦੇ ਚੱਲਦੇ ਆਲਟੋ ਬੇਕਾਬੂ ਹੋ ਕੇ ਪਹਿਲਾਂ ਖੰਭੇ ਵਿਚ ਵੱਜੀ ਅਤੇ ਫਿਰ ਡਿਵਾਇਡਰ ਤੇ ਜਾ ਚੜ੍ਹੀ। ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ । ਜਦਕਿ ਆਲਟੋ ਕਾਰ ਵਿਚ ਸਵਾਰ 2 ਵਿਆਕਤੀ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ ।ਸਕਾਰਪੀਊ ਗੱਡੀ ਚਾਲਕ ਮੌਕੇ ਤੋਂ ਕਾਰ ਲੈ ਕੇ ਫਰਾਰ ਹੋ ਗਏ ।ਮੌਕੇ ਤੋਂ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਦੀਪ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰਾਂ ਤੋਂ ਪਤਾ ਚੱਲਿਆ ਕਿ ਸਿਲਵਰਓਕ ਹੋਟਲ ਦੇ ਸਾਹਮਣੇ ਰੈਲਮਾਜਰਾ ਐਕਸੀਡੈਂਟ ਹੋਇਆ ਹੈ ਤਾਂ ਉਨ੍ਹਾਂ ਨੇ ਮੌਕੇ ਤੁਰੰਤ ਮੌਕੇ ਕੇ ਦੇਖਿਆ ਤਾਂ ਇਕ ਆਲਟੋ ਕਾਰ ਜਿਸਦਾ ਨੰਬਰ ਸੀ ਐਚ 04ਕੇ 0419 ਜਿਸ ਨੂੰ ਮੋਹਨ ਸਿੰਘ ਪੁੱਤਰ ਗੁਰਦੇਵ ਸਿੰਘ ਪਿੰਡ ਪਾਲਨਪੁਰ ਚਲਾ ਰਿਹਾ ਸੀ ਅਤੇ ਉਸਦੇ ਨਾਲ ਬਲਵਿੰਦਰ



ਸਿੰਘ ਪੁੱਤਰ ਗੁਰਦੇਵ ਸਿੰਘ ਪਿੰਡ ਪਾਲਨਪੁਰ ਜੋ ਕਿ ਬਲਾਚੌਰ ਤੋਂ ਰੋਪੜ੍ਹ ਸਾਈਡ ਜਾ ਰਹੇ ਸੀ ਅਤੇ ਜਦੋਂ ਇਹ ਆਲਟੋ ਕਾਰ ਪਿੰਡ ਰੈਲਮਾਜਰਾ ਕੋਲ ਪਹੁੰਚੀ ਪਿੱਛੇ ਆ ਤੇ ਆ ਰਹੀ ਸਕਾਰਪੀਓ ਗੱਡੀ ਨੇ ਟੱਕਰ ਮਾਰ ਦਿੱਤੀ ਤੇ ਟੱਕਰ ਐਨੀ ਜ਼ਬਰਦਸਤ ਸੀ ਕਿ ਆਲਟੋ ਕਾਰ ਬੇਕਾਬੂ ਹੋ ਕੇ ਪਹਿਲਾ ਖੰਭੇ ਵਿਚ ਵੱਜ ਗਿਆ ਕੇ ਡਿਵਾਈਡਰ ਤੇ ਜਾ ਚੜ੍ਹੀ । ਆਲਟੋ ਵਿਚ ਕਾਰ ਵਿੱਚ ਸਵਾਰ 2 ਵਿਆਕਤੀ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ । ਜਿੰਨਾਂ ਨੂੰ



ਨੈਸ਼ਨਲ ਹਾਈਵੇ ਅਥਾਰਟੀ ਦੀ ਐਂਬੂਲੈਂਸ ਰਾਹੀ ਇਲਾਜ ਦੇ ਲਈ ਹਸਪਤਾਲ ਭਰਤੀ ਕਰਵਾਇਆ ਗਿਆ । ਜਦਕਿ ਨੈਸਨਲ ਹਾਈਵੇ ਅਥਾਰਟੀ ਦੀ ਰਿਕਵਰੀ ਵੈਨ ਵਲੋਂ ਆਲਟੋ ਗੱਡੀ ਨੂੰ ਸੜਕ ਤੋਂ ਹਟਾ ਕੇ ਰੋਡ ਨੂੰ ਕਲੀਅਰ ਕਰਕੇ ਆਵਾਜਾਈ ਨੂੰ ਫਿਰ ਤੋਂ ਚਾਲੂ ਕਰਵਾਇਆ ਗਿਆ । ਜ਼ਿਕਰਯੋਗ ਹੈ ਕਿ ਸਕਾਰਪੀਊ ਸਵਾਰ ਟੱਕਰ ਮਾਰਨ ਤੋਂ ਬਾਅਦ ਸਕਾਰਪੀਊ ਗੱਡੀ ਲੈ ਕੇ ਮੌਕੇ ਤੋਂ ਫਰਾਰ ਹੋ ਗਿਆ।

# ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦਾ ਪਰਿਨਿਰਵਾਣ ਦਿਵਸ ਸਮਾਗਮ ਅੰਬੇਡਕਰ ਭਵਨ ਚ ਭਲਕੇ

## ਪ੍ਰੋਫੈਸਰ (ਡਾ.) ਮਨਜੀਤ ਸਿੰਘ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਹੋਣਗੇ ਮੁੱਖ ਬੁਲਾਰੇ

**ਜਲੰਧਰ (ਸਮਾਜ ਵੀਕਲੀ):** ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਦੇ ਨਾਮ ਬਿਆਨ ਜਾਰੀ ਕਰਕੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 70ਵੇਂ ਪਰਿਨਿਰਵਾਣ ਦਿਵਸ 'ਤੇ ਉਨ੍ਹਾਂ ਦੇ ਮਹਾਨ ਵਿਅਕਤੀਤਵ, ਦੇਸ਼ ਪ੍ਰਤੀ ਸੇਵਾਵਾਂ, ਸੰਘਰਸ਼ਾਂ, ਉਪਕਾਰਾਂ ਅਤੇ ਹੋਰ ਅਨੇਕਾਂ ਪ੍ਰਾਪਤੀਆਂ ਨੂੰ ਯਾਦ ਕਰਨ ਲਈ 6 ਦਸੰਬਰ, 2025 (ਸ਼ਨੀਵਾਰ) ਨੂੰ


ਪ੍ਰੋਫੈਸਰ (ਡਾ.) ਮਨਜੀਤ ਸਿੰਘ ਦੀ ਫਾਈਲ ਫੋਟੋ

ਸਵੇਰੇ 11 ਵਜੇ, ਰਮਾ ਬਾਈ ਅੰਬੇਡਕਰ ਯਾਦਗਾਰ ਹਾਲ, ਅੰਬੇਡਕਰ ਭਵਨ, ਜਲੰਧਰ ਵਿਖੇ ਇੱਕ ਵਿਸ਼ਾਲ ਸ਼ਰਧਾਂਜਲੀ ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਮਾਰੋਹ ਵਿੱਚ ਹੋਰ ਬੁੱਧੀਜੀਵੀ ਬੁਲਾਰਿਆਂ ਤੋਂ ਇਲਾਵਾ ਪ੍ਰੋਫੈਸਰ (ਡਾ.) ਮਨਜੀਤ ਸਿੰਘ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋ ਰਹੇ ਹਨ। ਭਾਰਦਵਾਜ ਨੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ ਨੇ ਬਾਬਾ ਸਾਹਿਬ ਦੇ ਸ਼ਰਧਾਲੂਆਂ ਨੂੰ ਬਾਬਾ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਉਣ ਲਈ 6 ਦਸੰਬਰ ਨੂੰ ਸਵੇਰੇ 11 ਵਜੇ ਇਤਿਹਾਸਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਪਹੁੰਚਣ ਦੀ ਅਪੀਲ ਕੀਤੀ ਹੈ।

**ਬਲਦੇਵ ਰਾਜ ਭਾਰਦਵਾਜ**
**ਵਿੱਤ ਸਕੱਤਰ**
**ਅੰਬੇਡਕਰ ਭਵਨ ਟਰੱਸਟ**
**(ਰਜਿ.)**

## ਸ਼ਹੀਦ ਮਹਿੰਦਰ ਸਿੰਘ ਤੇ ਸ਼ਹੀਦ ਜੋਗਾ ਸਿੰਘ ਥਲਾ ਦੀ ਯਾਦ ਚਾਰ ਦਿਨਾਂ ਖੇਡ ਮੇਲਾ ਆਯੋਜਿਤ



**ਫਿਲੌਰ/ਅੱਪਰਾ (ਦੀਪਾ)– ਕਰੀਬੀ** ਪਿੰਡ ਥਲਾ ਵਿਖੇ ਸ਼ਹੀਦ ਮਹਿੰਦਰ ਸਿੰਘ ਅਤੇ ਸ਼ਹੀਦ ਜੋਗਾ ਸਿੰਘ ਥਲਾਂ ਦੀ ਯਾਦ ਵਿੱਚ ਸਲਾਨਾ ਚਾਰ ਦਿਨਾ ਖੇਡ ਮੇਲਾ ਮਿਤੀ 30,01,02,03 ਦਸੰਬਰ ਨੂੰ ਕਰਵਾਇਆ ਗਿਆ । ਜਿਸ ਵਿੱਚ ਮੁੱਖ ਮਹਿਮਾਨ ਵੱਜੋਂ ਨੌਜਵਾਨ ਕਾਂਗਰਸ ਆਗੂ ਰਜਿੰਦਰ ਸੰਧੂ ਜੀ ਸ਼ਾਮਿਲ ਹੋਏ ।ਟੂਰਨਾਮੈਂਟ ਵਿੱਚ ਪਿੰਡ ਪੱਧਰ ਓਪਨ ਦੇ ਫੁਟਬਾਲ ਮੈਚ ਕਰਵਾਏ ਗਏ ਜਿਸ ਵਿੱਚ ਰਹੀਮਾਬਾਦ ਦੀ ਟੀਮ ਜੇਤੂ ਰਹੀ ਅਤੇ ਕਰਨਾਣਾ ਟੀਮ ਉੱਪ ਜੇਤੂ ਰਹੀ । ਕਬੱਡੀਆ ਦੇ ਓਪਨ ਦੇ ਮੈਚ ਕਰਵਾਏ ਗਏ ਜਿਸ ਵਿੱਚ ਅੱਠ ਟੀਮਾਂ ਨੇ ਹਿੱਸਾ ਲਿਆ । ਉਪਰੋਕਤ ਟੂਰਨਾਮੈਂਟ ਵਿੱਚ ਐਨ ਆਰ ਆਈ ਵੀਰਾ ਦਾ ਬਹੁਤ ਵੱਡਾ ਸਹਿਯੋਗ ਰਿਹਾ । ਟੂਰਨਾਮੈਂਟ ਦੇ ਮੁੱਖ ਸਪਾਂਸਰ ਬਿੱਲਾ ਯੂਕੇ,ਗਿੰਦਰ ਕਨੈਡਾ, ਅਮਰੀਕ ਸਿੰਘ ਥਲਾਂ , ਛਿੰਦਾ ਲਿਧੜ, ਰਾਜਾ ਸਰਪੰਚ ਰਹੇ । ਕਬੱਡੀ ਦੇ ਪਹਿਲੇ ਇਨਾਮ ਅਮਰਿਤਪਾਲ ਰਸੂਲਪੁਰ ਅਤੇ ਦੂਜਾ ਇਨਾਮ ਰੂਬੀ, ਮੰਗਾ ਕਨੈਡਾ, ਦਿਲਪ੍ਰੀਤ ਨਿਊਜੀਲੈਂਡ,ਘੂਗੀ, ਜੀਤਾ ਅਮਰੀਕਾ ਵੱਲੋਂ ਸਪਾਂਸਰ ਕੀਤੇ ਗਏ। ਇਸ ਮੌਕੇ ਸੋਨੂੰ ਤੇਹਿਗ, ਨਰਿੰਦਰ ਰਾਏਪੁਰ, ਮੋਮੀ ਨਗਰ,ਮਲਕੀਤ ਸਿੰਘ , ਦੀਪ ਸਿੰਘ, ਜੋਗਾ ਸਿੰਘ,ਗੁਰਦਿਆਲ ਸਿੰਘ ਆਦਿ ਹਾਜ਼ਿਰ ਰਹੇ ।

## ਅੰਤਰਰਾਸ਼ਟਰੀ ਦਿਵਿਆਂਗ ਦਿਵਸ 'ਤੇ ਸਪੈਸ਼ਲ ਬੱਚਿਆਂ ਨੂੰ ਨਜ਼ਰ ਦੀਆਂ ਐਨਕਾ ਤੇ ਦਿਵਿਆਂਗਾਂ ਨੂੰ ਮੋਟਰਾਈਜ਼ਡ ਟਰਾਈਸਾਈਕਲਾਂ ਦੀ ਵੰਡ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**
ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਸੰਚਾਲਿਤ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦਾ ਮੁੱਖ ਉੱਦੇਸ਼ ਗ਼ਰੀਬਾਂ, ਦਿਵਿਆਂਗਜਨ, ਸਪੈਸ਼ਲ ਬੱਚਿਆਂ, ਲੋੜਵੰਦਾ ਅਤੇ ਬੇਸਹਾਰਿਆਂ ਦੀ ਸਹਾਇਤਾ ਕਰਨਾ ਹੈ ਅਤੇ ਇਸ ਉਦੇਸ਼ ਨੂੰ ਪੂਰਾ ਕਰਨ ਲਈ ਰੈੱਡ ਕਰਾਸ ਸੁਸਾਇਟੀ ਨਿਰੰਤਰ ਕੰਮ ਕਰ ਰਹੀ ਹੈ। ਇਸੇ ਤਹਿਤ ਬੀਤੇ ਦਿਨੀਂ ਸੁਸਾਇਟੀ ਦੁਆਰਾ 155 ਦਿਵਿਆਂਗ ਲੋਕਾਂ ਨੂੰ ਸਹਾਇਕ ਯੰਤਰਾਂ ਦੀ ਵੰਡ ਦਾ ਇਕ ਮੈਗਾ ਕੈਂਪ ਲਗਾਇਆ ਗਿਆ, ਜਿਸ ਵਿੱਚ ਦਿਦਿਆਂਗਜਨ ਨੂੰ ਮੋਟਰਾਈਜ਼ਡ ਟਰਾਈਸਾਈਕਲ, ਵ੍ਹੀਲ ਚੇਅਰਾਂ, ਟਰਾਈਸਾਈਕਲਾਂ, ਸੁਣਨ ਵਾਲੀਆਂ ਮਸ਼ੀਨਾਂ, ਵਾੱਕਿੰਗ ਸਟਿੱਕ ਆਦਿ




ਪ੍ਰਦਾਨ ਕੀਤੇ ਗਏ। ਇਸ ਤੋਂ ਇਲਾਵਾ ਸੁਸਾਇਟੀ ਦੁਆਰਾ ਆੱਟਿਸਟਿਕ (ਸਪੈਸ਼ਲ) ਬੱਚਿਆਂ ਲਈ 'ਵਿੰਗਜ ਪ੍ਰੋਜੈਕਟ' ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਸਪੈਸ਼ਲ ਬੱਚਿਆਂ ਨੂੰ ਕੰਟੀਨਾਂ ਚਲਾਉਣ ਦੀ ਟ੍ਰੇਨਿੰਗ ਦੇ ਕੇ ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ। ਇਸ ਵਿੱਚ ਵਰਤਮਾਨ ਸਮੇਂ 14 ਸਪੈਸ਼ਲ ਬੱਚੇ ਆਪਣੀਆਂ ਸੇਵਾਵਾਂ ਦੇ ਰਹੇ ਹਨ। ਇਸ ਲੜੀ ਨੂੰ ਜਾਰੀ ਰੱਖਦੇ ਹੋਏ ਅੱਜ ਅੰਤਰਰਾਸ਼ਟਰੀ ਦਿਵਿਆਂਗ ਦਿਵਸ ਦੇ ਮੌਕੇ ਰੈੱਡ ਕਰਾਸ ਸੁਸਾਇਟੀ ਵੱਲੋਂ ਆਤਮਦੇਵ ਆਤਮਸੁੱਖ ਸਕੂਲ ਦੇ 21 ਸ਼ਪੈਸ਼ਲ ਬੱਚਿਆਂ ਨੂੰ ਮੁਫ਼ਤ ਨਜ਼ਰ ਦੀਆਂ ਐਨਕਾ ਪ੍ਰਦਾਨ ਕੀਤੀਆ ਗਈਆ। ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਰੈੱਡ ਕਰਾਸ ਦੁਆਰਾ ਖਿੰਦ ਆਈ ਹਸਪਤਾਲ, ਜਲੰਧਰ ਦੇ ਸਹਿਯੋਗ ਨਾਲ ਪਹਿਲਾਂ ਆਤਮਦੇਵ ਆਤਮਸੁੱਖ ਸਕੂਲ ਦੇ ਸਾਰੇ ਸਪੈਸ਼ਲ ਬੱਚਿਆਂ ਅਤੇ ਸਟਾਫ ਮੈਂਬਰਾਂ ਦੀ ਮੁਫ਼ਤ ਨਜ਼ਰ ਦੀ ਜਾਂਚ ਕਰਵਾਈ ਗਈ ਸੀ। ਉਸ ਜਾਂਚ ਦੇ ਆਧਾਰ 'ਤੇ ਕੁੱਲ 21 ਸਪੈਸ਼ਲ ਬੱਚਿਆਂ ਅਤੇ ਸਕੂਲ ਦੇ ਸਟਾਫ ਮੈਂਬਰਾਂ ਨੂੰ ਨਜ਼ਰ ਦੀ ਐਨਕਾ ਦੀ ਵੰਡ ਕੀਤੀ ਗਈ ਹੈ। ਆਤਮਦੇਵ ਆਤਮਸੁੱਖ ਸਕੂਲ ਦੇ ਪ੍ਰਧਾਨ ਨਵਦੀਪ ਸੂਦ ਨੇ ਰੈੱਡ ਕਰਾਸ ਸੋਸਾਇਟੀ ਦੀ ਇਸ ਪਹਿਲਕਦਮੀ ਦੀ ਖ਼ੂਬ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ 21 ਸਪੈਸ਼ਲ ਬੱਚਿਆਂ ਅਤੇ ਸਟਾਫ ਮੈਂਬਰਾਂ ਨੂੰ ਚਸ਼ਮੇ ਮਿਲਣ ਨਾਲ ਨਾ ਸਿਰਫ਼ ਉਨ੍ਹਾਂ ਦੀ ਦ੍ਰਿਸ਼ਟੀ ਸਮਰੱਥਾ ਵਿੱਚ ਸੁਧਾਰ ਹੋਵ-ੇਗਾ, ਸਗੋਂ ਉਨ੍ਹਾਂ ਦੇ ਸਿੱਖਣ-ਸਿਖਾਉਣ ਦੇ ਅਨੁਭਵ 'ਤੇ ਵੀ ਬਹੁਤ ਸਕਾਰਾਤਮਕ ਪ੍ਰਭਾਵ ਪਵੇਗਾ।

## ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਸੰਗਰੂਰ ਦਾ ਜ਼ਬਰਦਸਤ ਘਿਰਾਓ 4 ਜਨਵਰੀ 2026 ਨੂੰ – ਬਲਦੇਵ ਭਾਰਤੀ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੀਆਂ ਦਲਿਤ ਅਤੇ ਪੱਛੜੇ ਵਰਗਾਂ ਦੀਆਂ 27 ਮੁਲਾਜਮ, ਮਜ਼ਦੂਰ ਅਤੇ ਸਮਾਜਿਕ ਜਥੇਬੰਦੀਆਂ ਦੀ ਸਾਂਝੀ ਐਕਸ਼ਨ ਕਮੇਟੀ ਵੱਲੋਂ ਸੂਬਾ ਕੋਆਰਡੀਨੇਟਰ ਜਸਬੀਰ ਸਿੰਘ ਪਾਲ ਦੀ ਪ੍ਰਧਾਨਗੀ ਹੇਠ 6 ਦਿਸੰਬਰ 2025 ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਸੰਗਰੂਰ ਵਿਖੇ ਕੀਤਾ ਜਾਣ ਵਾਲਾ ਰੋਸ ਪ੍ਰਦਰਸ਼ਨ ਅਤੇ ਘਿਰਾਓ ਬਲਾਕ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਚੋਣਾਂ ਕਾਰਨ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਕਮੇਟੀ ਦੇ ਸੂਬਾਈ ਮੀਡੀਆ ਇੰਚਾਰਜ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਦੱਸਿਆ ਕਿ ਭਗਵੰਤ ਮਾਨ ਦੀ



ਰਿਹਾਇਸ਼ ਸੰਗਰੂਰ ਦਾ ਜ਼ਬਰਦਸਤ ਘਿਰਾਓ ਹੁਣ 4 ਜਨਵਰੀ 2026 ਨੂੰ ਹੋਵੇਗਾ।ਬਲਦੇਵ ਭਾਰਤੀ ਨੇ ਦੱਸਿਆ ਕਿ ਕਮੇਟੀ ਦੇ ਨੁਮਾਇੰਦਿਆਂ ਨਾਲ 22 ਦਸੰਬਰ 2022 ਨੂੰ ਪੰਜਾਬ ਸਰਕਾਰ ਦੀ ਕੈਬਨਿਟ ਸਬ ਕਮੇਟੀ ਵਲੋਂ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ ਸ੍ਰੀ ਰਮੇਸ਼ ਕੁਮਾਰ ਗੈਂਟਾ ਵਧੀਕ ਮੁੱਖ ਸਕੱਤਰ ਦੀ ਅਗਵਾਈ ਵਿੱਚ ਸਮੂਹ ਵਿਭਾਗਾਂ ਦੇ ਪ੍ਰਿੰਸੀਪਲ ਸਕੱਤਰਾਂ ਵੱਲੋ ਕਮੇਟੀ ਦੇ 30 ਸੂਤਰੀ ਮੰਗ ਪੱਤਰ ਅਧਾਰਤ ਤਿਆਰ ਕੀਤੀ ਗਈ 256 ਸਫਿਆਂ ਦੀ ਰਿਪੋਰਟ ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਚੀਮਾਂ ਨੂੰ 16 ਅਗਸਤ 2023 ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਸੌਂਪ ਦਿੱਤੀ ਗਈ ਸੀ। ਪਰ ਪੰਜਾਬ ਸਰਕਾਰ ਇਸ ਰਿਪੋਰਟ ਲਾਗੂ ਕਰਨ ਦੀ ਗੱਲ ਤਾਂ ਦੂਰ ਇਸ ਨੂੰ ਜਨਤਕ ਕਰਨ ਤੋਂ ਘੇਸਲ ਵੱਟੀ ਬੈਠੀ ਹੈ। ਬਲਦੇਵ ਭਾਰਤੀ ਨੇ ਦੱਸਿਆ ਕਿ 4 ਜਨਵਰੀ ਨੂੰ ਹੋਣ ਵਾਲੇ ਇਸ ਰੋਸ ਪ੍ਰਦਰਸ਼ਨ ਅਤੇ ਜ਼ਬਰਦਸਤ ਘਿਰਾਓ ਵਿੱਚ ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਵਲੰਟੀਆਰਾਂ ਵਲੋਂ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

## ਡਿਊਟ ਗੀਤ,, ਗਾਹਕ ਤੇ ਦਰਜ਼ੀ,

ਤੈਨੂੰ ਸੂਟ ਦਿਤਾ ਸੀ ਸੀਣੇ,,,,,,,,,
ਤੂੰ ਤਾਂ ਪਾਕੇ ਬਹਿ ਗਿਆ ਪੀਣੇ,,,
ਸਿਲਾਈ ਦਿੱਤੀ ਤੈਨੂੰ ਪਹਿਲਾਂ, ਦੱਸ
ਤੂੰ ਹੋਰ ਕੀ ਚਾਉਨਾ ਵੇ
ਮੇਰੇ ਵਾਪਸ ਕਰਦੇ ਲੀੜੇ ਤੂੰ ਕਿਹੜਾ ਤੋਤੇ ਪਾਉਨਾ ਵੇ,,,,,
ਮੇਰੇ ਵਾਪਸ ਕਰਦੇ ਲੀੜੇ ਤੂੰ ਕਿਹੜਾ ਤੋਤੇ ਪਾਉਨਾ ਵੇ,,,,,
ਜਾਂ ਲੈਜਾ ਜਿਥੇ ਮਰਜੀ,,,,,,,,,
ਨਹੀਂ ਲੱਭਣਾ ਮੇਰੇ ਵਰਗਾ ਦਰਜ਼ੀ,,,
ਨਾਲੇ ਜ਼ਿਆਦਾ ਮੰਗੂ ਪੈਸੇ,ਸੂਟ ਤੇਰਾ ਕਰੂ ਖ਼ਰਾਬ ਕੁੜੇ
ਨਾ ਮੁੜਕੇ ਹੱਟੀ ਤੇ ਆਵੀ ਆ ਕੋਰਾ ਚੱਕ ਜਵਾਬ ਕੁੜੇ,,,,,,,,,,
ਨਾ ਮੁੜਕੇ ਹੱਟੀ ਤੇ ਆਵੀ ਕੋਰਾ ਚੱਕ ਜਵਾਬ ਕੁੜੇ,,,,,

ਬੋਲਣ ਦਾ ਭੋਰਾ ਪਤਾ ਨਹੀਂ ਤੈਨੂੰ ਤੂੰ ਤੂੰ ਕਰਦਾ ਰਹਿਨਾ
ਸੂਈ ਕੁੱਤੀ ਦੇ ਵਾਂਗਰ ਵੇ, ਹਰ ਇਕ ਨੂੰ ਖਿਝ ਕੇ ਪੈਨਾ
ਆ ਪੱਖੇ ਥੱਲੇ ਬਹਿਠਾ ਤੂੰ ਕੇਹੜਾ ਕੌਲਾ ਡਾਉਨਾ ਵੇ
ਮੇਰੇ ਵਾਪਸ ਕਰਦੇ ਲੀੜੇ ਤੂੰ ਕਿਹੜਾ ਤੋਤੇ ਪਾਉਨਾ ਵੇ,,,,,,,
ਮੇਰੇ ਵਾਪਸ ਕਰਦੇ ਲੀੜੇ ਤੂੰ ਕਿਹੜਾ ਤੋਤੇ ਪਾਉਨਾ ਵੇ

ਆਖਿਆ ਤੈਨੂੰ ਟਾਇਮ ਨਹੀਂ ਲੱਗਾ ਕੀਹੜਾ ਆ ਗਈ ਹਨੇਰੀ
ਜੇ ਨਾ ਆਈ ਤੂੰ ਮੁੜਕੇ ਤਾਂ ਬੰਦ ਹੋ ਜਾਊ ਹੱਟੀ ਮੇਰੀ
ਮੇਰਾ ਤਾਂ ਕੰਮ ਚੱਲੀ ਜਾਣਾ,,ਦੇਖਣੇ ਛੱਡ ਦੇ ਖ਼ਾਬ ਕੁੜੇ
ਨਾ ਮੁੜਕੇ ਹੱਟੀ ਤੇ ਆਵੀ ਕੋਰਾ ਚੱਕ ਜਵਾਬ ਕੁੜੇ,,,,,,,
ਨਾ ਮੁੜਕੇ ਹੱਟੀ ਤੇ ਆਵੀ ਕੋਰਾ ਚੱਕ ਜਵਾਬ ਕੁੜੇ,,,,,,,,

ਗੁਰਮੀਤ ਡੁਮਾਣਿਆਂ ਵਾਲਾਂ ਤੇਥੋ ਕਈ ਗੁਣਾ ਭਾਈ ਚੰਗਾ
ਨਾਲੇ ਗਿਆ ਨੂੰ ਚਾਹ ਪਿਲਾਉਂਦਾ ਤਾਹੀਂ ਚਲਦਾ ਧੰਦਾ
ਜੀ ਜੀ ਕਰਕੇ ਗਾਹਕਾਂ ਦੀ ਫ਼ਿੱਲ ਬਾਹਲੀ ਲਾਉਨਾ ਵੇ
ਮੇਰੇ ਵਾਪਸ ਕਰਦੇ ਲੀੜੇ ਤੂੰ ਕਿਹੜਾ ਤੋਤੇ ਪਾਉਨਾ ਵੇ,,,,,
ਮੇਰੇ ਵਾਪਸ ਕਰਦੇ ਲੀੜੇ ਤੂੰ ਕਿਹੜਾ ਤੋਤੇ ਪਾਉਨਾ ਵੇ,,,,,,,
ਨਾ ਮੁੜਕੇ ਹੱਟੀ ਤੇ ਆਵੀ ਕੋਰਾ ਚੱਕ ਜਵਾਬ ਕੁੜੇ,,,,,



ਸਮਾਜ ਵੀਕਲੀ ਨਿਊਜ਼

**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

## ਇੱਕ ਧੀ ਦੀ ਪੁਕਾਰ

ਗੱਲ ਗੱਲ ਤੇ ਮੈਨੂੰ ਸੀ ਟੋਕਿਆ
ਮੈਨੂੰ ਆਪਣੇ ਹੀ ਸ਼ੋਕ ਪੁਗਾਉਣ ਤੋਂ ਰੋਕਿਆ
ਕਦੇ ਵੀ ਆਪਣੀ ਜ਼ਿੰਦਗੀ ਖੁੱਲ ਕੇ ਨਹੀਂ ਜੀਅ ਪਾਈ
ਕਦੇ ਕਦੇ ਲਗਦਾ ਚੰਗੀ ਧੀ ਵੀ ਨਹੀਂ ਬਣ ਪਾਈ
ਮਾਪਿਆਂ ਦੀ ਹਰ ਗੱਲ ਨੂੰ ਖਿੜੇ ਮੱਥੇ ਕੀਤਾ ਸਵੀਕਾਰ
ਮੈਂ ਉਦੋਂ ਵੀ ਖੁਸ਼ ਸੀ ਜਦੋਂ ਹੋਈ ਮੇਰੇ ਸੁਪਨਿਆਂ ਦੀ ਹਾਰ
ਆਪਣੇ ਤੋੜ ਦੂਜਿਆਂ ਦੇ ਬੁਣਦੀ ਰਹੀ
ਆਪਣੀ ਮੰਜ਼ਿਲ ਦਾ ਰਾਹ ਛੱਡ ਦੂਜਿਆ ਦਾ ਚੁਣਦੀ ਰਹੀ
ਕਦੀ ਪੁੱਛੀ ਨਾ ਮੇਰੇ ਮਨ ਦੀ ਗੱਲ ਆਪਣੀ ਹੀ ਰਹੇ ਦੱਸਦੇ,
ਧੀਆਂ ਵੱਲ ਦੇਖ ਇਹ ਲੋਕ ਕਿਉਂ ਨਹੀਂ ਹੱਸਦੇ
ਮੈਂ ਵੀ ਜਿਉਣ ਆਈ ਹਾਂ ਮੈਂ ਵੀ ਜਿਉਣਾ ਚਾਹੁੰਦੀ ਹਾਂ
ਮੈਂ ਵੀ ਆਪਣੇ ਸੁਪਨੇ ਤੇ ਰੀਝਾ ਨੂੰ ਪੁਗਾਉਣਾ ਚਾਹੁੰਦੀ ਹਾਂ
ਬਾਬਲ ਦੇ ਵੇਹੜੇ ਸਭ ਸ਼ੌਂਕ ਪੁਗਾ ਲੈਣ ਦਿਓ
ਕੁੜੀਆਂ ਨੂੰ ਵੀ ਚਿੜੀਆਂ ਵਾਲੇ ਖੰਭ ਲਾ ਲੈਣ ਦਿਓ
"ਪ੍ਰੀਤ ਬ੍ਰਹਮ" ਕਹਿੰਦੀ ਮੈਂ ਵੀ ਕਈ ਸ਼ੌਕ ਮਾਰੇ ਆ
ਇੱਕਲੀ ਰਹਿ ਕਿ ਵੀ ਜਿੱਤਣੇ ਹਾਲਾਤ ਸਾਰੇ ਆ।



ਸਮਾਜ ਵੀਕਲੀ ਨਿਊਜ਼

**ਨਾਮ: ਸੁਖਮਨਪ੍ਰੀਤ ਕੌਰ**
**ਪਿੰਡ: ਤਿੰਮੋਵਾਲ ਜਿਲ੍ਹਾ ਅੰਮ੍ਰਿਤਸਰ**
**ਮੋ. ਨੰ: 8194923631**

## ਅਰਮਾਨ

ਦਿਲ ਦੇ ਅਰਮਾਨ
ਖ਼ੁਦਾ ਕਰੇ ਮੇਰੇ ਵੱਸ ਹੁੰਦਾ
ਮੈ ਆਪੇ ਹੀ ਲਿਖ ਲੇਖ ਲੈਂਦਾ
ਮੇਰੀ ਮੁੱਠੀ ਦੇ ਵਿੱਚ ਬੰਦ ਹੁੰਦੀ
ਜਦੋ ਜੀਅ ਕਰਦਾ ਮੈਂ ਦੇਖ ਲੈਂਦਾ
ਖਿਆਲਾਂ ਦੀ ਮਾਰ ਉਡਾਰੀ ਮੈਂ
ਅੰਬਰਾਂ ਤੋਂ ਉਤੇ ਜਾ ਆਉਂਦਾ
ਨਜ਼ਰਾਂ ਤੋਂ ਉਹਲੇ ਰੱਖਣ ਲਈ
ਸੋਹਣਾ ਮਹੱਲ ਬਣਾ ਆਉਂਦਾ
ਅੰਬਰਾਂ ਤੋਂ ਤੋੜ ਸਿਤਾਰੇ ਮੈਂ
ਤੇਰੀ ਚੁੰਨੀ ਵਿੱਚ ਸਜਾ ਦਿੰਦਾ
ਨਜ਼ਰ ਕੁਲਿਹਣੀ ਲੱਗਦੀ ਨਾ
ਇੱਕ ਕਾਲ਼ਾ ਟਿੱਕਾ ਲਾ ਦਿੰਦਾ
ਮੈਂ ਪ੍ਰਸੰਸਾ ਕਰਦਾ ਜੀਅ ਭਰਕੇ
ਤੇ ਸ਼ੇਅਰੋ ਸ਼ਾਇਰੀ ਲਿਖਦਾ ਦਿੰਦਾ
ਫਿਰ ਰੂਪ ਤੇਰੇ ਦੀਆਂ ਸਿਫਤਾਂ ਵਿਚ
ਕਿਤੇ ਚੌਨ ਤੋਂ ਸੋਹਣੀ ਲਿਖ ਦਿੰਦਾ
ਭੁਲੱਥ ਪੂਜਾ ਕਰਦਾ ਰੱਬ ਵਾਂਗੂੰ
ਜਦੋ ਚਹੁੰਦਾ ਮੱਥਾ ਟੇਕ ਲੈਂਦਾ
ਕੋਲ ਬਿਠਾ ਕੇ ਸੋਹਣਿਆ ਨੂੰ
ਜਦੋ ਚਹੁੰਦਾ ਅੱਖਾਂ ਸੇਕ ਲੈਂਦਾ
ਖ਼ੁਦਾ ਕਰੇ  ਮੇਰੇ ਵੱਸ ਹੁੰਦਾ
ਮੈ ਆਪੇ ਹੀ ਲਿਖ ਲੇਖ ਲੈਂਦਾ
ਮੇਰੀ ਮੁੱਠੀ ਦੇ ਵਿੱਚ ਬੰਦ ਹੁੰਦੀ
ਜਦੋ ਜੀਅ ਕਰਦਾ ਮੈਂ ਦੇਖ ਲੈਂਦਾ

ਸਮਾਜ ਵੀਕਲੀ ਨਿਊਜ਼

**ਸ ਕਸ਼ਮੀਰ ਸਿੰਘ ਭੁਲੱਥ**
**8146091954**

## ਗ਼ਜ਼ਲ- ਬਾਝ ਸੱਜਣ ਦੇ ਜੀਣਾ ਔਖਾ ਲੱਗਦਾ ਹੈ

ਯਾਦ ਤੇਰੀ ਦਾ ਦੀਵਾ ਨਿੱਤ ਮਘਦਾ ਹੈ,
ਬਾਝ ਸੱਜਣ ਦੇ ਜੀਣਾ ਔਖਾ ਲੱਗਦਾ ਹੈ,

ਕੱਲਿਆਂ ਜ਼ਿੰਦਗੀ ਜੀ ਨੀਂ ਹੁੰਦੀ ਸੱਜਣਾ,
ਦਿਲ ਚੱਥੋ ਪਹਿਰ ਤੇਰੇ ਵੱਲ ਭੱਜਦਾ ਹੈ ,

ਦਿਨ ਰਾਤ ਨਾ ਆਵੇ ਚੈਨ ਇਸ ਦਿਲ ਨੂੰ ,
ਤੇਰੀ ਯਾਦ ਦਾ ਤੂੰਬਾਂ ਦਿਲ ਮੇਰੇ ਵੱਜਦਾ ਹੈ,

ਸੂਰਤ ਤੇਰੀ ਪਰੀਆਂ ਤੋਂ ਹੈ ਸੋਹਣੀ ਸੱਜਣਾ,
ਦੇਖੀਂ ਜਾਵਾ ਤੈਨੂੰ ਇਹ ਦਿਲ ਨਾ ਰੱਜਦਾ ਹੈ,

ਸਮਾਜ ਵੀਕਲੀ ਨਿਊਜ਼

ਯਾਦ ਤੇਰੀ ਦਿਲ ਨੂੰ ਝੰਜੋੜ ਹੈ ਜਾਂਦੀ ਸੱਜਣਾ,
ਜਦ ਵੀ ਵਿੱਚ ਅਸਮਾਨੀ  ਬਦਲ ਗੱਜਦਾ ਹੈ,

ਲਿਖੀ ਵਿੱਚ ਲੇਖਾਂ ਦੇ ਤੂੰ ਰਾਹੋਂ ਵਾਲੇ ਸੱਜਣਾ,
ਪਿੰਦੂ ਉਸ ਰੱਬ ਨੂੰ ਹਮੇਸ਼ਾ ਕਰਦਾ ਸੱਜਦਾ ਹੈ,



**ਪਿੰਦੂ ਰਾਹੋਂ (ਨਵਾਂ ਸ਼ਹਿਰ)**
**+917710556211**



# ਜਿਸਦਾ ਖੇਤ ਉਸਦੀ ਰੇਤ ਦੀ ਜਗ੍ਹਾ ਹੁਣ ਕਿਸਾਨ ਦਾ ਖੇਤ ਤੇ ਮਾਫੀਏ ਦੀ ਰੇਤ ਨੇ ਲਈ-ਸੰਦੀਪ ਅਰੋੜਾ

**ਸਿੱਧਵਾਂ ਬੇਟ (ਹਰਜਿੰਦਰ ਸਿੰਘ ਚੰਦੀ )–** ਭਾਵੇਂ ਹੀ ਪਿਛਲੇ ਦਿਨੀ ਆਏ ਹੜਾਂ ਨਾਲ ਕਿਸਾਨਾਂ ਦੀਆਂ ਜਮੀਨਾਂ ਉੱਪਰ ਕਾਫ਼ੀ ਸਾਰਾ ਰੇਤਾਂ ਚੜ ਗਿਆ ਸੀ ਤੇ ਜਿਥੇ ਸੰਯੁਕਤ ਕਿਸਾਨਾ ਮੋਰਚੇ ਨੇ ਜਿਸਦਾ ਖੇਤ ਉਸਦੀ ਰੇਤ ਦੇ ਨਾਅਰੇ ਹੇਠ ਸਰਕਾਰ ਕੋਲੋ ਮੰਗ ਕੀਤੀ ਸੀ ਕਿ ਕਿਸਾਨਾਂ ਦੀ ਫਸਲ ਤਾਂ ਉੱਗ ਨਹੀਂ ਸਰਦੀ ਪਰ ਘਰ ਚਲਾਉਣ ਲਈ ਆਪਣੇ ਖੇਤਾਂ ਵਿੱਚ ਪਈ ਰੇਤਾਂ ਵੇਚ ਕੇ ਹੀ ਗੁਜ਼ਾਰਾ ਕਰ ਲਵੇਗਾ ਤੇ ਪੰਜਾਬ ਦੇ ਮੁੱਖ ਮੰਤਰੀ ਨੇ ਵੀ ਇਸ ਨਾਅਰੇ ਹੇਠ ਕਿਸਾਨਾਂ ਨੂੰ ਰੇਤਾਂ ਚੁੱਕਣ ਦੀ ਮਨਜ਼ੂਰੀ ਦੇ ਦਿੱਤੀ ਸੀ। ਪਰ ਇਥੇ ਕੁਝ ਹੋਰ ਹੀ ਕਹਾਵਤ ਨਜ਼ਰ ਆ ਰਹੀ ਹੈ।ਕਿ ਜਿਸਦਾ ਖੇਤ ਉਸਦੀ ਰੇਤ ਦੇ ਬਦਲੇ ਕਿਸਾਨਾਂ ਕਾ ਖੇਤ ਹੋਰ ਮਾਫੀਏ ਕੀ ਰੇਤ ਵਾਲਾ ਮਾਹੋਲ ਬਣਾਇਆ ਪਿਆ ਹੈ। ਪਰ ਅੱਜ ਤਾਂ ਮਾਫੀਏ ਨੇ ਹੱਦ ਹੀ ਕਰ ਦਿੱਤੀ ਸਤਲੁਜ ਪੁਲ ਹੇਠਾਂ ਹੀ ਸ਼ਰੇਆਮ ਰੇਤਾਂ ਦਾ ਟੱਕ ਲਾ ਲਿਆ ਗਿਆ। ਤਾਂ ਜਦੋਂ ਇਸਦਾ ਪਤਾ ਇਲਾਕੇ ਦੇ ਲੋਕਾਂ ਨੂੰ ਤੇ ਕਿਸਾਨ ਜਥੇਬੰਦੀਆਂ ਨੂੰ



ਪਤਾ ਲੱਗਾ ਤਾਂ ਉਹਨਾਂ ਫੋਰੀ ਧਰਨਾ ਲਾ ਦਿੱਤਾ ਤੇ ਪਾਬੰਦੀਸ਼ੁਦਾ ਮਸ਼ੀਨਾਂ ਨੂੰ ਬੰਦ ਕਰਵਾ ਦਿੱਤਾ ਤੇ ਮੰਗ ਕੀਤੀ ਗੈਰ ਕਾਨੂੰਨੀ ਮਾਇੰਨਗ ਕਰਨ ਵਾਲੇ ਲੋਕਾਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਜਿਸ ਤੇ ਐਸ ਐਚ ਓ ਸਾਹਿਬ ਨੇ ਵਿਸਵਾਸ ਦਵਾਈਆਂ ਕਿ ਮਾਈਨਿੰਗ ਅਫ਼ਸਰ ਨੂੰ ਬੁਲਾਇਆ ਹੈ ਕਾਰਵਾਈ ਕਰ ਦਿੱਤੀ ਜਾਵੇਗੀ। ਤੇ ਆਗੂਆਂ ਨੇ ਚਿਤਾਵਨੀ ਦਿੱਤੀ ਜੇਕਰ ਕਾਰਵਾਈ ਨਾ ਹੋਈ। ਤੇ ਦੁਬਾਰਾ ਟੱਕ ਚੱਲਿਆ ਤਾਂ ਕੱਲ 5ਤਰੀਕ ਨੂੰ ਮੀਟਿੰਗ ਕਰਕੇ ਅਗਲੇ ਸੰਘਰਸ਼ ਦੀ ਰੂਪ ਰੇਖਾ ਉਲੀਕੀ ਜਾਵੇਗੀ। ਇਸ ਮੌਕੇ ਜਮਹੂਰੀ ਕਿਸਾਨ ਸਭਾ ਦੇ ਸੂਬਾਈ ਆਗੂ ਮੇਜਰ ਸਿੰਘ ਖੁਰਲਾਪੁਰ, ਬਲਰਾਜ ਸਿੰਘ ਕੋਟਉਮਰਾ,ਆਲ ਇੰਡੀਆ ਕਿਸਾਨ ਸਭਾ ਦੇ ਸੂਬਾਈ ਆਗੂ ਸੰਦੀਪ ਅਰੋੜਾ, ਦਿਲਬਾਗ ਸਿੰਘ ਚੰਦੀ ਦਿਹਾਤੀ ਮਜ਼ਦੂਰ ਸਭਾ ਦੇ ਬਲਜੀਤ ਸਿੰਘ, ਪਹਿਲਵਾਨ ਸਿੰਘ, ਸਤਨਾਮ ਸਿੰਘ ਖਹਿਰਾ ਮੁਸ਼ਤਰਕਾ, ਮਹਿੰਦਰ ਸਿੰਘ ਬੰਬ, ਸੁਰਜੀਤ ਸਿੰਘ ਗੋਰਸੀਆਂ, ਆਦਿ ਨੇ ਸੰਬੋਧਨ ਕੀਤਾ।

# ਬਸਪਾ ਵੱਲੋਂ ਅੰਬੇਡਕਰ ਜੀ ਦੇ 69ਵੇਂ ਪ੍ਰੀ ਨਿਰਵਾਣ ਦਿਵਸ ਮੌਕੇ ਫ਼ਿਰੋਜ਼ਪੁਰ ਛਾਉਣੀ ਵਿਖੇ ਕਰਵਾਇਆ ਜਾ ਰਿਹਾ ਇਸਤਰੀ ਚੇਤਨਾ ਸਮਾਗਮ

ਡਾਕਟਰ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਐਮ ਪੀ ਤੇ ਪ੍ਰਧਾਨ ਬਸਪਾ ਪੰਜਾਬ ਦੀ ਗਤੀਸ਼ੀਲ ਅਗਵਾਈ ਹੇਠ ਵਿੱਢੀ ਗਈ ਪੰਜਾਬ ਸੰਭਾਲੋ ਮੁਹਿੰਮ ਤਹਿਤ ਬਹੁਜਨ ਸਮਾਜ ਪਾਰਟੀ ਵੱਲੋਂ 6 ਦਸੰਬਰ 2025 ਦਿਨ ਸਨਿਚਰਵਾਰ 11-30 ਵਜੇ ਦੁਪਹਿਰ ਨੂੰ ਲਾਈਨਸ ਕਲੱਬ ਫ਼ਿਰੋਜ਼ਪੁਰ ਛਾਉਣੀ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 69ਵਾਂ ਪ੍ਰੀ ਨਿਰਵਾਣ ਦਿਵਸ ਮੌਕੇ ਇਸਤਰੀ ਚੇਤਨਾ ਸੰਮੇਲਨ ਕਰਵਾਇਆ ਜਾ ਰਿਹਾ ਹੈ ਇਸ ਸਮਾਗਮ ਦੇ ਮੁੱਖ ਮਹਿਮਾਨ ਬੀਬੀ ਹਰਜਿੰਦਰ ਕੌਰ ਮਾਹਿਲਪੁਰ (ਹੁਸ਼ਿਆਰਪੁਰ) ਸੀਨੀਅਰ ਇਸਤਰੀ ਆਗੂ ਪੰਜਾਬ ਮੁੱਖ ਬੁਲਾਰਾ ਬੀਬੀ ਚੰਚਲ ਬੋਧ ਪ੍ਰਿੰਸੀਪਲ ਡਾਕਟਰ ਅੰਬੇਡਕਰ ਸੀਨੀਅਰ ਸੈਕੰਡਰੀ ਸਕੂਲ ਧਨਾਸ (ਜਲੰਧਰ) ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਤੀਰਥ ਰਾਜਪੁਰਾ ਸਟੇਟ ਕੋਆਰਡੀਨੇਟਰ ਬਸਪਾ ਪੰਜਾਬ, ਸਰਦਾਰ ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਸਪਾ ਪੰਜਾਬ ਤੇ ਸ੍ਰੀ ਓਮ ਪ੍ਰਕਾਸ਼ ਸਰੋਏ ਜਨਰਲ ਸਕੱਤਰ ਬਸਪਾ ਪੰਜਾਬ ਹੋਣਗੇ। ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀਮਤੀ ਸੁਨੀਤਾ ਸਹੋਤਾ ਜ਼ਿਲ੍ਹਾ ਕਨਵੀਨਰ ਬਸਪਾ ਫਿਰੋਜਪੁਰ ਹੋਣਗੇ। ਸੰਮੂਹ ਸਮਾਜ ਹਿਤੈਸ਼ੀਆਂ ਤੇ ਬਸਪਾ ਕਾਰਜਕਰਤਾਵਾਂ ਨੂੰ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਮੇਂ ਸਿਰ ਪੁੱਜਣ ਲਈ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ।

**ਅਸ਼ੋਕ ਕਪਤਾਨ**
**ਜ਼ਿਲ੍ਹਾ ਪ੍ਰਧਾਨ ਬਸਪਾ**
**ਫਿਰੋਜ਼ਪੁਰ**
**ਸੁਖਦੇਵ ਸਿੰਘ ਭੱਟੀ**
**ਜ਼ਿਲ੍ਹਾ ਜਰਨਲ ਸਕੱਤਰ ਬਸਪਾ**

for more news visit:
www.samajweekly.com

# ਪੰਜਾਬੀ ਸਾਹਿਤ ਸਭਾ ਭੈਣੀ ਸਾਹਿਬ ਵਧੀਆ ਕਿਤਾਬਾਂ ਰਿਲੀਜ਼ ਕਰਨ ਦਾ ਕੇਂਦਰ ਬਣੀ- ਤੇਲੂ ਰਾਮ ਕੁਹਾੜਾ

## ਪੰਜਾਬੀ ਮਾਂ ਬੋਲੀ ਨੂੰ ਜੀਵਤ ਰੱਖਣ ਲਈ ਪੇਂਡੂ ਸਹਿਤ ਸਭਾਵਾਂ ਦਾ ਵਿਸ਼ੇਸ਼ ਸਥਾਨ- ਅਮਰੀਕ ਸਿੰਘ ਤਲਵੰਡੀ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਪ੍ਰਸਾਰ ਨੂੰ ਸਮਰਪਿਤ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੀ ਮਹੀਨਾਵਾਰ ਮੀਟਿੰਗ ਦਿਨ ਐਤਵਾਰ ਨੂੰ ਨਿਊ ਹਾਲ ਵਿੱਚ ਹੋਈ। ਜਿਸ ਦੀ ਪ੍ਰਧਾਨਗੀ ਗੁਰਸੇਵਕ ਸਿੰਘ ਢਿੱਲੋਂ ਨੇ ਕੀਤੀ। ਪਹਿਲੇ ਸੈਸ਼ਨ ਵਿੱਚ ਗੁਰਸੇਵਕ ਸਿੰਘ ਢਿੱਲੋ ਨੇ ਨੇਤਰ ਸਿੰਘ ਮੁੱਤੋਂ ਦੇ ਜੀਵਨ ਅਤੇ ਪੁਸਤਕ ਬਾਰੇ ਮਿਆਰੀ ਤੇ ਪੁਖਤਾ ਗੱਲਬਾਤ ਕੀਤੀ । ਨੇਤਰ ਸਿੰਘ ਮੁੱਤੋਂ ਦੀ ਕਿਤਾਬ,ਨੇਤਰ ਕਾਵਿ ਸੰਗ੍ਰਹਿ ਦਾ ਪਰਚਾ ਪੱਤਰਕਾਰ ਤੇ ਲੇਖਕ ਬਲਬੀਰ ਸਿੰਘ ਬੱਬੀ ਨੇ ਖੂਬਸੂਰਤ ਅੰਦਾਜ਼ ਵਿੱਚ ਪੜ੍ਹਿਆ। ਉੱਘੇ ਸਾਹਿਤਕਾਰ ਮਾਸਟਰ ਰਘਬੀਰ ਸਿੰਘ ਭਰਤ ਵੱਲੋਂ ਇਸ ਕਿਤਾਬ ਦਾ ਮੁੱਖ ਬੰਦ ਲਿਖਿਆ ਸੀ ਜਿਸ ਦੀ ਸਾਂਝ ਪਾਠਕਾਂ ਨਾਲ



ਪਾਈ। ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਸ਼ਖਸ਼ੀਅਤਾਂ ਵਿੱਚ ਗੀਤਕਾਰ ਅਮਰੀਕ ਸਿੰਘ ਤਲਵੰਡੀ ਮੁੱਖ ਮਹਿਮਾਨ, ਯਤਿੰਦਰ ਕੌਰ ਮਾਹਲ , ਨੇਤਰ ਸਿੰਘ ਮੁੱਤੋਂ , ਤੇਲੂ ਰਾਮ ਕੁਹਾੜਾ , ਅਨਿਲ ਫਤਿਹਗੜ੍ਹ ਜੱਟਾਂ , ਡਾ ਪਰਮਿੰਦਰ ਸਿੰਘ ਬੈਨੀਪਾਲ ਨੇ ਆਪੋ ਆਪਣੀ ਗੱਲਬਾਤ ਦੌਰਾਨ ਕਿਤਾਬ ਦੀ ਬਣਤਰ , ਕਾਵਿਕ ਪੱਖ , ਸਿਧਾਂਤਕ ਪੱਖ , ਸ਼ਬਦਾਵਲੀ , ਅਤੇ ਹੋਰ ਪੱਖਾਂ ਤੇ ਉਸਾਰੂ ਅਤੇ ਮਿਆਰੀ ਗੱਲਬਾਤ ਕੀਤੀ । ਲੇਖਕ ਨੇਤਰ ਸਿੰਘ ਮੁੱਤੋਂ ਸਮੇਤ ਪਹਿਲੇ ਸ਼ੈਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਸਮੂਹ ਸ਼ਖਸ਼ੀਅਤਾਂ ਦਾ ਸਭਾ ਵੱਲੋਂ ਸਨਮਾਨ ਕੀਤਾ ਗਿਆ।

ਦੂਜੇ ਸੈਸ਼ਨ ਵਿੱਚ ਕਵੀ ਦਰਬਾਰ ਹੋਇਆ ਜਿਸ ਦੀ ਪ੍ਰਧਾਨਗੀ ਲੇਖਕ ਹਰਨਾਮ ਸਿੰਘ ਡੱਲਾ , ਮੇਘ ਸਿੰਘ ਜਵੰਧਾ, ਗੀਤਕਾਰ ਕਰਨੈਲ ਸਿੰਘ ਸਿਵੀਆ , ਬਲਬੀਰ ਸਿੰਘ ਬੱਬੀ , ਹਰਬੰਸ ਸਿੰਘ ਰਾਏ , ਆਦਿਕ ਨੇ ਕੀਤੀ। ਹਾਜ਼ਰ ਸ਼ਾਇਰਾਂ ਵਿੱਚ ਰਜਿੰਦਰ ਕੌਰ ਪੰਨੂ , ਬੁੱਧ ਸਿੰਘ ਨੀਲੋਂ , ਬਲਵੰਤ ਸਿੰਘ ਵਿਰਕ,



ਪ੍ਰੀਤ ਸਿੰਘ ਸੰਦਲ ਕਵੀਸ਼ਰ,ਸੁਖਵਿੰਦਰ ਸਿੰਘ ਭਾਦਲਾ,ਅਵਤਾਰ ਸਿੰਘ ਓਟਾਲਾ,ਜੱਗਾ ਜਮਾਲਪੁਰੀ, ਜਗਦੇਵ ਮਕਸੂਦੜਾ, ਨਰਿੰਦਰ ਮਣਕੂ, ਕੇਵਲ ਸਿੰਘ ਮੰਜਾਲੀ,ਬਲਵੰਤ ਮਾਂਗਟ, ਦਰਸ਼ਨ ਸਿੰਘ ਭਾਗਪੁਰੀ,ਦਲਬੀਰ ਕਲੇਰ,ਡਾਕਟਰ ਰਾਜਦੀਪ ਸਿੰਘ ਰੋਪੜ,ਨਿਸ਼ਾਨ ਸਿੰਘ ਅਟਵਾਲ, ਪ੍ਰੀਤਮ ਸਿੰਘ,ਰਾਜਦੀਪ ਕੌਰ,ਮੋਹਨ ਲਾਲ ਰਾਹੀ, ਲਖਬੀਰ ਸਿੰਘ ਭੱਟੀ , ਕੇਵਲ ਸਿੰਘ ਕੱਦੋਂ,ਗੁਰਤੇਜ ਸਿੰਘ , ਮਨਜੀਤ ਸਿੰਘ ਰਾਗੀ,ਐਚ ਢਿੱਲੋਂ , ਜੁਆਲਾ ਸਿੰਘ, ਰਾਜਦੀਪ ਸਿੰਘ ਤੂਰ ਆਦਿਕ ਸ਼ਇਰਾਂ ਨੇ ਰਚਨਾਵਾਂ ਸਾਂਝੀਆਂ ਕੀਤੀਆਂ।

ਇਸ ਤੋਂ ਇਲਾਵਾ ਸਭਾ ਵਿੱਚ ਪਹਿਲੀ ਵਾਰ ਆਏ ਉਦਯੋਗਪਤੀ ਸੁਭਾਸ਼ ਬਜ਼ਾਜ ਜੀ ਨੇ ਇਹ ਐਲਾਨ ਕੀਤਾ ਕਿ ਗਰੀਬ ਲੜਕੀਆਂ ਦੀਆਂ ਸ਼ਾਦੀਆਂ ਗਰੀਬ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਦੇ ਨਾਲ ਹੋਣਹਾਰ ਲੋਕਾਂ ਨੂੰ ਆਪਣੀਆਂ ਫੈਕਟਰੀਆਂ ਵਿੱਚ ਨੌਕਰੀ ਵੀ ਦੇਣਗੇ। ਪੱਤਰਕਾਰ ਭਾਈਚਾਰੇ 'ਚੋਂ ਕਰਮਜੀਤ ਸਿੰਘ ਅਜ਼ਾਦ , ਸੁਰਜੀਤ ਵਿਸ਼ਦ , ਬਲਬੀਰ ਸਿੰਘ ਬੱਬੀ , ਲਖਵੀਰ ਸਿੰਘ ਲੱਭਾ ਨੇ ਸਮਾਗਮ ਦੀ ਕਵਰੇਜ਼ ਬਹੁਤ ਸੁੰਦਰ ਤਰੀਕੇ ਨਾਲ ਕੀਤੀ ਤੇ ਆਪੋ ਆਪਣੀਆਂ ਰਚਨਾਵਾਂ ਵੀ ਪੇਸ਼ ਕੀਤੀਆਂ । ਸਮਾਗਮ ਦੀ ਕਾਰਵਾਈ ਨੂੰ ਕਹਾਣੀਕਾਰ ਤਰਨ ਬੱਲ ਤੇ ਜਗਵੀਰ ਸਿੰਘ ਵਿੱਕੀ ਨੇ ਬਹੁਤ ਖੂਬਸੂਰਤ ਅੰਦਾਜ਼ ਨਾਲ ਚਲਾਇਆ । ਕਵੀਸ਼ਰ ਪ੍ਰੀਤ ਸਿੰਘ ਸੰਦਲ ਤੇ ਜਗਦੇਵ ਮਕਸੂਦੜਾ ਨੇ ਸੰਤ ਸਿੰਘ ਸੋਹਲ ਦੀ ਲਿਖੀ ਬੰਦਾ ਬਹਾਦਰ ਬਾਰੇ ਪੁਸਤਕ ਸਭਾ ਨੂੰ ਭੇਟ ਕੀਤੀ । ਗੁਰਸੇਵਕ ਸਿੰਘ ਢਿੱਲੋ ਨੇ ਬਹੁ ਗਿਣਤੀ ਵਿੱਚ ਆਏ ਹੋਏ ਸ਼ਾਇਰਾਂ ਦਾ ਧੰਨਵਾਦ ਕੀਤਾ।

ਸ੍ਰੀ ਭੈਣੀ ਸਾਹਿਬ ਸਹਿਤ ਸਭਾ ਵਿੱਚ ਪਹਿਲੀ ਵਾਰ ਆਏ ਉਘੇ ਲੇਖਕ ਅਮਰੀਕ ਸਿੰਘ ਤਲਵੰਡੀ ਨੇ ਕਿਹਾ ਕਿ ਮੈਨੂੰ ਸਭਾ ਵਿੱਚ ਆ ਕੇ ਬਹੁਤ ਖੁਸ਼ੀ ਹੋਈ ਪੇਂਡੂ ਇਲਾਕਿਆਂ ਵਿੱਚ ਇਹੋ ਜਿਹੀਆਂ ਸਭਾਵਾਂ ਸੱਚਮੁੱਚ ਹੀ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀਆਂ ਹਨ।

# ਐਨ. ਆਰ. ਆਈ. ਪਰਿਵਾਰ ਨੇ ਕੀਤੀ ਇੰਟਰਲਾਕ ਟਾਇਲ ਦੀ ਸੇਵਾ

**ਫਿਲੌਰ/ਅੱਪਰਾ, (ਦੀਪਾ)** –ਦਰਬਾਰ ਬਾਬਾ ਸ਼ੇਖ ਨਸੀਰਾ ਅੱਪਰਾ ਵਿਖੇ ਐਨ. ਆਰ. ਆਈ. ਪਰਿਵਾਰ ਵਲੋਂ ਇੰਟਰਲਾਕ ਟਾਇਲਾਂ ਲਗਵਾਉਣ ਦੀ ਸੇਵਾ ਸ਼ੁਰੂ ਕਰਵਾਈ ਗਈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਦਰਬਾਰ ਬਾਬਾ ਸ਼ੇਖ ਨਸੀਰਾ ਪ੍ਰਬੰਧਕ ਕਮੇਟੀ ਪ੍ਰਧਾਨ ਰਾਜੇਸ਼ ਕੁਮਾਰ ਬਾਸ਼ਲ ਅਤੇ ਗੱਦੀ ਨਸ਼ੀਨ ਸਾਂਈ ਕਿਸ਼ਨ ਲਾਲ ਨੇ ਦੱਸਿਆ ਕਿ ਮੋਹਣ ਲਾਲ ਜੱਸੀ ਯੂ. ਐਸ. ਏ. ਵਲੋਂ ਦਰਬਾਰ ਬਾਬਾ ਸ਼ੇਖ ਨਸੀਰਾ ਵਿਖੇ ਇੰਟਰਲਾਕ ਟਾਇਲ ਲਗਾਉਣ ਦੀ ਸੇਵਾ ਸ਼ੁਰੂ ਕੀਤੀ ਗਈ ਹੈ । ਸਮੂਹ ਪ੍ਰਬੰਧਕ ਕਮੇਟੀ ਵਲੋਂ ਜੱਸੀ ਪਰਿਵਾਰ ਦਾ ਧੰਨਵਾਦ ਕਰਦਿਆਂ ਮੋਹਣ



ਲਾਲ ਜੱਸੀ ਨੂੰ ਸਨਮਾਨਿਤ ਵੀ ਕੀਤਾ ਗਿਆ । ਐਨ. ਆਰ. ਆਈ. ਮੋਹਣ ਲਾਲ ਜੱਸੀ ਨੂੰ ਸਨਮਾਨਿਤ ਕਰਨ ਮੌਕੇ ਗੱਦੀ ਨਸ਼ੀਨ ਸਾਂਈ ਕਿਸ਼ਨ ਲਾਲ, ਰਾਜੇਸ਼ ਕੁਮਾਰ ਬਾਸ਼ਲ, ਜਸਵਿੰਦਰ ਸਿੰਘ, ਚੰਦਨਜੀਤ ਚੀਮਾ, ਮੱਖਣ ਲਾਲ, ਜਸਵਿੰਦਰ ਚੀਮਾ, ਮੁਨੀ ਲਾਲ ਬੱਗਾ ਅਤੇ ਜੀਤ ਰਾਮ ਆਦਿ ਹਾਜ਼ਰ ਸਨ ।

# ਬਲਾਕ ਸੰਮਤੀ ਜੋਨ ਅੱਪਰਾ (ਜਨਰਲ ਮਰਦ) ਦੀ ਚੋਣ ਲਈ 8 ਉਮੀਦਵਾਰ ਚੋਣ ਮੈਦਾਨ 'ਚ

## ਇੱਕ ਉਮੀਦਵਾਰ ਅਕਾਲੀ ਦਲ ਦਾ ਕਵਰਿੰਗ ਹੈ

**ਫਿਲੌਰ/ਅੱਪਰਾ, (ਦੀਪਾ)**- ਬਹੁ ਚਰਚਿਤ ਕਸਬਾ ਅੱਪਰਾ ਦੀ ਇਸ ਵਾਰ ਹੋ ਰਹੀ ਬਲਾਕ ਸੰਮਤੀ ਚੋਣ (ਜਨਰਲ ਮਰਦ) ਲਈ 8 ਉਮੀਦਵਾਰ ਚੋਣ ਮੈਦਾਨ 'ਚ ਆਪੋ-ਆਪਣੀ ਜਿੱਤ ਲਈ ਜੋਰ ਅਜ਼ਮਾਈ ਕਰਨਗੇ । ਜਿਨਾਂ 'ਕ ਪੁਨੀਤ ਮਰਵਾਹਾ ਆਜ਼ਾਦ ਉਮੀਦਵਾਰ, ਰਾਕੇਸ਼ ਘਈ (ਕੇਸ਼ੀ ਘਈ), ਆਸ਼ੀਸ਼ ਮਰਵਾਹਾ (ਆਪ ਉਮੀਦਵਾਰ), ਸੋਨੂੰ ਬਾਬਾ (ਕਾਂਗਰਸ ਉਮੀਦਵਾਰ), ਮਾਸਟਰ ਵਿਨੋਦ ਕੁਮਾਰ ਆਜ਼ਾਦ ਉਮੀਦਵਾਰ, ਸੰਜੀਵ ਕੁਮਾਰ ਅੱਪਰਾ, ਅਜ਼ਾਦ ਉਮੀਦਵਾਰ, ਰਜਿੰਦਰ ਕੁਮਾਰ ਬਾਂਕਾ ਤੇ ਕੁਲਵਿੰਦਰ ਸਿੰਘ ਡਿੰਪੀ ਦੋਵੇਂ ਅਕਾਲੀ ਦਲ ਦੇ ਉਮੀਦਵਾਰ ਆਪੋ-ਆਪਣੀ ਕਿਸਮਤ ਅਜ਼ਮਾ ਰਹੇ ਹਨ ।



ਹੁਣ ਦੇਖਣਾ ਇਹ ਦਿਲਚਸਪ ਹੋਵੇਗਾ ਕਿ ਕਿੰਨੇ ਉਮੀਦਵਾਰ ਆਪਣੇ ਪੇਪਰ ਵਾਪਿਸ ਲੈਂਦੇ ਨੇ ਤੇ 17 ਦਸੰਬਰ ਨੂੰ ਕਿਸ ਉਮੀਦਵਾਰ ਨੂੰ ਵੋਟਰਾਂ ਦਾ ਪਿਆਰ ਮਿਲਦਾ ਹੈ ਤੇ ਉਸਨੂੰ ਜਿੱਤ ਪ੍ਰਾਪਤ ਹੁੰਦੀ ਹੈ ।

ਕੈਪਸ਼ਨ-ਸਾਰੇ ਉਮੀਦਵਾਰਾਂ ਦੀ ਫੋਟੋ ਹੇਠਾਂ ਫਾਈਲ ਨੰਬਰ ਲਗਾ ਕੇ ਭੇਜੀ ਗਈ ਹੈ ।

# ਸਰਕਾਰੀ ਸਕੂਲ ਕੂੰਮ ਦੇ ਵਿਦਿਆਰਥੀਆਂ ਨੂੰ ਕੋਟੀਆਂ ਬੂਟ ਵੰਡੇ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਸਰਕਾਰੀ ਸਕੂਲਾਂ ਦੇ ਵਿੱਚ ਪੜ੍ਹ ਰਹੇ ਬੱਚਿਆਂ ਦੀ ਲੋੜ ਨੂੰ ਰੱਖਦਿਆਂ ਹੋਇਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੂੰਮ ਕਲਾਂ ਦੇ ਵਿਦਿਆਰਥੀਆਂ ਨੂੰ ਸਮਾਜ ਸੇਵੀਆਂ ਵੱਲੋਂ ਬੂਟ ਕੋਟੀਆਂ ਵੰਡੇ ਗਏ। ਇਸ ਮੌਕੇ ਨੰਬਰਦਾਰ ਗੁਰਵਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਦਿਆ ਮਨੁੱਖ ਦਾ ਗਹਿਣਾ ਹੈ ਗਿਆਨ ਪ੍ਰਾਪਤ ਕਰਕੇ ਹੀ ਅਸੀਂ ਆਪਣਾ ਜੀਵਨ ਸਫ਼ਲ ਬਣਾ ਸਕਦੇ ਹਾ। ਇਸ ਲਈ ਸਾਰੇ ਬੱਚਿਆਂ ਨੂੰ ਵੱਧ ਤੋਂ ਵੱਧ ਮਿਹਨਤ ਨਾਲ ਪੜਾਈ ਕਰਨੀ ਚਾਹੀਦੀ ਹੈ। ਇਸ ਸਮੇਂ ਪਹਿਲੀ ਤੋਂ ਲੈਕੇ+2 ਤੱਕ ਪਹਿਲਾ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਬੂਟ ਅਤੇ ਕੋਟੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲ-ਾਵਾ ਖੇਡਾਂ ਵਿਚ ਮੱਲਾਂ ਮਾਰਨ



ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਸਕੂਲ ਵਿੱਚ ਵਿਦਿਆ ਹਾਸਲ ਕਰਕੇ ਪੀ੍ ਐਚ ਡੀ ਕਰਨ ਵਾਲੇ ਪੁਰਾਣੇ ਵਿਦਿਆਰਥੀ ਡਾਕਟਰ ਸੁਖਬੀਰ ਸਿੰਘ ਭਮਾਂ ਖੁਰਦ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਰਘਬੀਰ ਸਿੰਘ ਗਿੱਲ, ਨਰਿੰਦਰ ਸਿੰਘ ਗਿੱਲ, ਹਰਪ੍ਰੀਤ ਸਿੰਘ ਗਿੱਲ, ਸੁਖਬੀਰ ਸਿੰਘ ਗਿੱਲ ਕਿਸਾਨ ਆਗੂ ਬੇਅੰਤ ਸਿੰਘ ਗਰੇਵਾਲ, ਸਾਮ ਲਾਲ ਜਸਵਿੰਦਰ ਸਿੰਘ, ਡਾਕਟਰ ਚਰਨਜੀਤ ਸਿੰਘ ਸਰਪੰਚ ਪ੍ਰਦੀਪ ਕੌਰ ਆਤਮਾ ਸਿੰਘ ਅਤੇ ਗੁਰਚਰਨ ਸਿੰਘ ਉਪਲ ਨੇ ਵਿਸ਼ੇਸ਼ ਤੌਰ ਹਾਜ਼ਰੀ ਲਗਵਾਈ ਅੰਤ ਵਿਚ ਸਕੂਲ ਦੇ ਪ੍ਰਿੰਸੀਪਲ ਅਜੇ ਸ਼ਰਮਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਅਖੀਰਲੇ ਦਿਨ ਪੇਪਰ ਭਰਨ ਲਈ ਲੱਗੀ ਰਹੀ ਮਾਰਾਮਾਰੀ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )**- ਪੰਜਾਬ ਵਿੱਚ 14 ਦਸੰਬਰ ਨੂੰ ਹੋ ਰਹੀਆਂ ਜਿਲ੍ਹਾਂ ਪਰਿਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਨੂੰ ਲੈ ਕੇ ਕੇ ਮਾਹੌਲ ਕਾਫੀ ਗਰਮ ਹੋਇਆ ਪਿਆ ਹੈ । ਸਾਰੀਆ ਪਾਰਟੀਆ ਵਲੋਂ ਆਪਣੇ ਉਮੀਦਵਾਰਾਂ ਨੂੰ ਖੜ੍ਹੇ ਕਰਨ ਦੀ ਜਦੋ ਜਹਿਦ ਲਗਾਤਾਰ ਜਾਰੀ ਹੈ ਲੇਕਿਨ ਕਈ ਪਾਰਟੀਆਂ ਨੂੰ ਉਮੀਦਵਾਰ ਖੜ੍ਹੇ ਕਰਨ ਨੂੰ ਨਹੀ ਮਿਲ ਰਹੇ । ਜਿਸਦਾ ਮੁੱਖ ਕਾਰਨ ਲੋਕਾਂ ਵਿੱਚ ਚੋਣਾਂ ਨੂੰ ਲੈ ਕੇ ਕੋਈ ਖਾਸ਼ ਰੁਝਾਨ ਨਹੀ ਹੈ । ਅਕਾਲੀ ਦਲ, ਕਾਂਗਰਸ, ਬੀਜੇਪੀ, ਬਸਪਾ ਦੇ ਵਲੋਂ ਆਪਣੇ

- **ਬਲਾਕ ਸੰਮਤੀ ਤੇ ਜਿਲਾ ਪਰਿਸ਼ਦ ਦੀਆਂ ਚੋਣਾਂ ਨੂੰ ਲੈ ਕੇ ਪਾਰਟੀ ਆਗੂਆ ਨੂੰ ਨਹੀ ਮਿਲ ਰਹੇ ਉਮੀਦਵਾਰ**
- **ਚੋਣਾਂ ਤਾਰਿਕ ਨੇੜੇ ਕਰਕੇ ਪਿਆਕੜਾਂ ਵਿਚ ਭਾਰੀ ਨਿਰਾਸ਼ਾ**

ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਜਾ ਰਿਹਾ ਹੈ । ਜਦਕਿ ਅੱਜ ਨੋਮੀਨੇਸ਼ਨ ਦਾ ਅਖੀਰਲਾ ਦਿਨ ਹੈ । ਕਈ ਥਾਵਾਂ ਤੇ ਤਾਂ ਪੇਪਰ ਦਾਖਲ ਕਰਨ ਮੌਕੇ ਖੂਬ ਹੰਗਾਮੇ ਹੋਏ । ਸੂਤਰਾਂ ਤੋ ਪ੍ਰਾਪਤ ਜਾਣਕਾਰੀ ਦੇ ਅਨੁਸਾਰ ਲੋਕ ਦਾ ਹੁਣ ਚੋਣਾਂ ਤੋਂ ਮੋਹ ਭੰਗ ਹੋ ਚੁੱਕਾ ਹੈ । ਇਸ ਕਰਕੇ ਕਈ ਪਾਰਟੀਆਂ ਨੂੰ ਤਾ ਇਸ ਵਾਰ ਚੋਣ ਮੈਦਾਨ ਵਿੱਚ ਉਤਾਰਨ ਲਈ ਉਮੀਦਵਾਰ ਵੀ ਨਹੀ ਲੱਭ ਰਹੇ । ਕੋਈ ਵੀ ਚੋਣ ਲੜਨੇ ਨੂੰ ਤਿਆਰ ਹੀ ਨਹੀ ਹੈ ।ਪਰ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਲੋਕ ਕਿਸ ਉਮੀਦਵਾਰ ਅਤੇ ਕਿਸ ਪਾਰਟੀ ਨੂੰ ਪਿਆਰ ਕਰਦੇ ਹਨ। ਪਰ ਇਸ ਵਾਰ ਚੋਣ ਕਮਿਸ਼ਨ ਵਲੋਂ ਵੋਟਾਂ ਪਾਉਣ ਦਾ ਟਾਈਮ ਬਹੁਤ ਹੀ ਘੱਟ ਦਿੱਤਾ ਗਿਆ ਜਿਸ ਕਾਰਣ ਸ਼ਰਾਬ ਪੀਣ ਵਾਲੇ ਵੋਟਰਾਂ ਨੂੰ ਮੋਜਾ ਘੱਟ ਲੱਗਣ ਦੇ ਉਸਾਰ ਦਿਸ ਰਹੇ ਹਨ।

# ਬਲਾਕ ਸੰਮਤੀ ਜੋਨ ਰੈਲਮਾਜਰਾ ਤੋਂ ਵੰਦਨਾ ਚੌਧਰੀ ਪਤਨੀ ਗੁਰਪ੍ਰੀਤ ਗੁੱਜਰ ਰੈਲਮਾਜਰਾ ਹੋਣਗੇ ਅਕਾਲੀ ਬਸਪਾ ਦੇ ਸਾਂਝੇ ਉਮੀਦਵਾਰ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )**- ਉੱਘੇ ਸਮਾਜ ਸੇਵੀ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮਿਹਨਤੀ ਤੇ ਸੀਨੀਅਰ ਆਗੂ ਗੁਰਪ੍ਰੀਤ ਗੁੱਜਰ ਰੈਲਮਾਜਰਾ ਦੀ ਪਤਨੀ ਸ਼੍ਰੀਮਤੀ ਵੰਦਨਾ ਚੌਧਰੀ ਨੂੰ ਅਕਾਲੀ-ਬਸਪਾ ਦੇ ਸਾਂਝੇ ਉਮੀਦਵਾਰ ਐਲਾਨਿਆ ਗਿਆ ਹੈ। ਇਸ ਸਬੰਧੀ ਗੱਲਬਾਤ ਕਰਦੇ ਹੋਏ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਕਿਹਾ ਕਿ ਉਹਨਾਂ ਦੀ ਪਤਨੀ ਭਾਰੀ ਬਹੁਮਤ ਨਾਲ ਜਿੱਤ ਹਾਸਿਲ ਕਰਕੇ ਪਾਰਟੀ ਦੀ ਝੋਲੀ ਪਾਵੇਗੀ।



ਉਹਨਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਸ਼੍ਰੋਮਣੀ ਅਕਾਲੀ ਦਲ ਭਾਰੀ ਲੀਡ ਨਾਲ ਜਿੱਤ ਦਰਜ ਕਰਕੇ ਇਤਿਹਾਸ ਰਚੇਗਾ। ਉਹਨਾਂ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀਆ ਨੀਤੀਆਂ ਤੋਂ ਲੋਕ ਢਾਡੇ ਦੁਖੀ ਹਨ ਤੇ ਪੰਜਾਬ ਵਾਸੀ ਜਲਦ ਤੋਂ ਜਲਦ ਇਸ ਸਰਕਾਰ ਨੂੰ ਚੱਲਦਾ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਨੂੰ ਉਤਾਵਲੇ ਹਨ। ਉਹਨਾਂ ਕਿਹਾ ਕਿ ਲੋਕ ਵੱਧ ਤੋਂ ਵੱਧ ਵੋਟਾਂ ਪਾ ਕੇ ਅਕਾਲੀ ਦਲ ਦੀ ਜਿੱਤ ਨੂੰ ਯਕੀਨੀ ਬਣਾਉਣ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS -** 1) ਸਰੀਰਕ ਸ਼ਕਤੀ ANAEMIA ... £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਵਟ, ਉਦਾਸੀ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।
LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL (MAGIC)) £49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsils), ... (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ਵਗੈਰਾ ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | |
|---|---|
| PILAES (IN OINTMENT) ... | £19 |
| NURALACO (IN OINTMENT OR LOTION) ... | £19 |
| CHILLAGA (IN OINTMENT OR LOTION) ... | £19 |
| ARNSTRA (IN OINTMENT) ... | £19 |
| BELINFLA (IN OIL OR OINTMENT) ... | £19 |
| BELULCE (IN OIL) ... ULCERS ... | £19 |
| BRYJOIN (IN OIL) ... | £19 |
| CALWOUN (IN OIL OR OINTMENT) ... | £19 |
| BURCAN (IN LOTION OR OINTMENT) ... | £19 |
| ROUTUM (IN OINTMENT) ... | £19 |
| JOINRHU (IN OIL) ... | £19 |
| ABSSIL (IN LOTION) ... | £19 |
| ITCSUL (IN OIL) ... | £19 |
| WARTHU (IN OIL) ... (WARTS) ... | £19 |

* HOMOEOPATHIC HEALTH CLINIC ... £10 ...

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# 19 ਸਾਲ ਤੋਂ ਠੇਕੇ ਤੇ ਕੰਮ ਕਰ ਰਹੇ ਫਾਰਮੇਸੀ ਅਫਸਰਾਂ ਵੱਲੋਂ ਸਿਵਲ ਸਰਜਨ ਰਾਹੀਂ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਸਰਕਾਰ ਨੂੰ ਭੇਜਿਆ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )**-ਫਾਰਮੇਸੀ ਅਫਸਰ ਐਸੋਸੀਏਸ਼ਨ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫਾਰਮੇਸੀ ਅਫਸਰ ਐਸੋਸੀਏਸ਼ਨ ਜ਼ਿਲਾ ਇਕਾਈ ਹੁਸ਼ਿਆਰਪੁਰ ਵੱਲੋਂ ਜ਼ਿਲਾ ਸਕੱਤਰ ਹਰਪਾਲ ਸਿੰਘ ਭੱਟੀ ਦੀ ਅਗਵਾਈ ਹੇਠ ਪਿਛਲੇ 19 ਸਾਲ ਤੋਂ ਸਰਕਾਰ ਅਧੀਨ ਠੇਕੇ ਤੇ ਕੰਮ ਕਰ ਰਹੇ ਫਾਰਮੇਸੀ ਅਫਸਰਾਂ ਵੱਲੋਂ ਸਿਵਲ ਸਰਜਨ ਬਲਵੀਰ ਕੁਮਾਰ ਰਾਹੀਂ ਆਪਣੀਆਂ ਮੰਗਾਂ ਸਬੰਧੀ ਇਕ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਸਰਕਾਰ, ਸਿਹਤ ਮੰਤਰੀ ਪੰਜਾਬ, ਪ੍ਰਮੁੱਖ ਸਕੱਤਰ ਸਿਹਤ ਵਿਭਾਗ, ਡਾਇਰੈਕਟਰ (ਸਿਹਤ ਸੇਵਾਵਾਂ) ਨੂੰ ਭੇਜਿਆ ਗਿਆ। ਇਸ ਮੌਕੇ ਜ਼ਿਲਾ ਸਕੱਤਰ ਹਰਪਾਲ ਸਿੰਘ ਭੱਟੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਪਿਛਲੇ 19 ਸਾਲ ਤੋਂ ਸਰਕਾਰ ਅਧੀਨ ਠੇਕੇ ਉੱਤੇ ਕੰਮ ਕਰ ਰਹੇ ਹਨ। ਪੰਜਾਬ ਸਰਕਾਰ ਵੱਲੋਂ ਲਏ ਫੈਸਲੇ ਅਨੁਸਾਰ ਜੂਨ 2021 ਵਿੱਚ ਲਗਭਗ 600 ਫਾਰਮੇਸੀ ਅਫ਼ਸਰ ਪੇਂਡੂ ਪੰਚਾਇਤ ਅਤੇ ਵਿਕਾਸ ਵਿਭਾਗ ਤੋਂ ਸਿਹਤ ਵਿਭਾਗ ਵਿੱਚ ਸ਼ਿਫਟ ਕਰ ਦਿੱਤੇ ਗਏ ਸੀ। ਸਰਕਾਰ ਵਲੋ ਕਰਮਚਾਰੀਆਂ ਦਾ ਡਿਊਟੀ ਦੇ ਨਾਂ ਤੇ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਅਤੇ ਡਿਊਟੀ ਦੇ ਨਾਂ ਤੇ ਬਿਨਾ ਟੀ. ਏ. ਅਤੇ ਡੀ. ਏ. ਦੇ 200/250 ਕਿਲੋਮੀਟਰ ਡਿਊਟੀ ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ ਜਿਸਦਾ ਜਥੇਬੰਦੀ ਸਖ਼ਤ ਵਿਰੋਧ ਕਰਦੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਜੇਲ ਡਿਊਟੀ/ਮੇਲਾ ਡਿਊਟੀ/ਧਾਰਮਿਕ ਸਮਾਗਮ ਡਿਊਟੀ/ਵੀ ਆਈ ਪੀ ਡਿਊਟੀ/ਐਮਰਜੈਂਸੀ ਡਿਊਟੀ ਦੇ ਨਾਂ ਤੇ ਕਰਮਚਾਰੀਆਂ ਦਾ ਸੋਸ਼ਣ ਕੀਤਾ ਜਾ ਰਿਹਾ। ਜਿਸ ਨਾਲ ਸਾਡੇ ਮੁਲਾਜ਼ਮਾਂ ਵਿੱਚ ਭਾਰੀ ਗੁੱਸਾ ਅਤੇ ਨਿਰਾਸ਼ਾ ਪਾਈ ਜਾ ਰਹੀ ਹੈ। ਡਿਊਟੀ ਦੌਰਾਨ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਅਤੇ ਜਾਇਜ਼ ਮੰਗਾ ਦੇ ਸੰਬੰਧ ਵਿੱਚ ਸੰਬੰਧਤ ਅਧਿਕਾਰੀਆਂ ਅਤੇ ਸਰਕਾਰ ਪੱਧਰ ਤੱਕ ਆਵਾਜ਼ ਪਹੁੰਚਾਉਣ ਲਈ ਬਹੁਤ ਵਾਰ ਪਹੁੰਚ ਕੀਤੀ ਗਈ ਹੈ ਅਤੇ ਸਰਕਾਰ ਵਲੋ ਮੰਗਾ ਮੰਨਣ ਦਾ ਭਰੋਸਾ ਵੀ ਦਿੱਤਾ ਗਿਆ ਸੀ ਪਰ ਅਜੇ ਤਕ ਕੋਈ ਕਾਰਵਾਈ ਸਰਕਾਰ ਵਲੋ ਨਹੀਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜੇਕਰ ਸਰਕਾਰ ਨੇ ਇਸ ਮੰਗ ਪੱਤਰ ਰਾਹੀਂ ਸਾਡੀਆਂ ਮੰਗਾ ਦਾ ਨਿਪਟਾਰਾ ਜਲਦ ਤੋਂ ਜਲਦ ਨਾ ਕੀਤਾ ਤਾਂ ਸਾਨੂੰ ਮਜ਼ਬੂਰਨ ਵਿਭਾਗ ਦੇ ਹੈਡਕੁਆਰਟਰ ਸੈਕਟਰ 34 ਵਿਖੇ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਜਿਸ ਦੀ ਨਿਰੋਲ ਜਿੰਮੇਵਾਰੀ ਸੂਬਾ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਸਿਵਲ ਸਰਜਨ ਦੇ ਪੀ. ਏ. ਸਤਪਾਲ ਸਿੰਘ, ਜ਼ਿਲਾ ਸਕੱਤਰ ਹਰਪਾਲ ਸਿੰਘ ਭੱਟੀ, ਪਰਮਜੀਤ ਸਿੰਘ, ਸਿਕੰਦਰ ਸਿੰਘ, ਸੁੱਖਵਿੰਦਰ ਸਿੰਘ, ਮੇਜਰ ਸਿੰਘ ਆਦਿ ਹਾਜ਼ਰ ਸਨ।



# ਅਨੁਪਾਤ ਵਿੱਚ ਹੁਸ਼ਿਆਰਪੁਰ ਨੇ ਹਾਸਿਲ ਕੀਤਾ ਪੰਜਾਬ ਭਰ ਵਿੱਚ ਪਹਿਲਾ ਸਥਾਨ

**ਹੁਸ਼ਿਆਰਪੁਰ, (ਤਰਸੇਮ ਦੀਵਾਨਾ )** ਸਿਹਤ ਵਿਭਾਗ ਪੰਜਾਬ ਵੱਲੋਂ ਜਾਰੀ ਤਾਜ਼ਾ ਆਂਕੜਿਆਂ ਅਨੁਸਾਰ ਜ਼ਿਲਾ ਹੁਸ਼ਿਆਰਪੁਰ ਨੇ ਲਿੰਗ ਅਨੁਪਾਤ ਵਿੱਚ ਲਗਾਤਾਰ ਬਿਹਤਰੀ ਦੇ ਆਧਾਰ 'ਤੇ ਪੂਰੇ ਸੂਬੇ ਵਿੱਚ ਪਹਿਲਾ ਸਥਾਨ ਹਾਸਿਲ ਕਰਕੇ ਇੱਕ ਮਹੱਤਵਪੂਰਨ ਉਪਲਬਧੀ ਦਰਜ ਕੀਤੀ ਹੈ। ਜ਼ਿਲੇ ਵਿੱਚ ਹਰ 1000 ਮੁੰਡਿਆਂ ਪਿੱਛੇ 970 ਕੁੜੀਆਂ ਦਰਜ ਕੀਤੀਆਂ ਗਈਆਂ ਹਨ, ਜੋ ਕਿ ਲਿੰਗ ਸਮਾਨਤਾ ਵੱਲ ਇੱਕ ਸਾਕਾਰਾਤਮਕ ਬਦਲਾਅ ਨੂੰ ਦਰਸਾਉਂਦੀਆਂ ਹਨ। ਇਸ ਕਾਬਿਲ-ਏ-ਤਾਰੀਫ਼ ਪ੍ਰਦਰਸ਼ਨ ਲਈ ਸੂਬਾ ਪੱਧਰ 'ਤੇ ਆਯੋਜਿਤ ਸਮਾਗਮ ਦੌਰਾਨ ਸਿਹਤ ਮੰਤਰੀ ਮਾਣਯੋਗ ਡਾ. ਬਲਬੀਰ ਸਿੰਘ ਵੱਲੋਂ ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਸਿੰਘ ਅਤੇ ਜ਼ਿਲਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੀ ਐ ਨ ਡੀ ਟੀ ਕੋਆਰਡੀਨੇਟਰ ਅਭੇ ਮੋਹਨ ਵੀ ਉਪਸਥਿਤ ਰਹੇ। ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵੀਰ ਸਿੰਘ ਨੇ ਦੱਸਿਆ ਕਿ ਸਿਹਤ ਮੰਤਰੀ ਵੱਲੋਂ ਜ਼ਿਲੇ ਦੀਆਂ ਬੇਟੀ ਬਚਾਓ ਬੇਟੀ ਪੜ੍ਹਾਓ ਜਾਗਰੂਕਤਾ ਗਤੀਵਿਧੀਆਂ, ਪੀਸੀਪੀਐਨਡੀਟੀ ਐਕਟ ਦੀ ਸਖ਼ਤ ਲਾਗੂਅਤ ਅਤੇ ਲਿੰਗ ਸਮਾਨਤਾ ਲਈ ਵਿਭਾਗ ਵੱਲੋਂ ਕੀਤਿਆਂ ਸਮਰਪਿਤ ਯਤਨਾਂ ਦੀ ਖ਼ਾਸ ਤੌਰ 'ਤੇ ਸ਼ਲਾਘਾ ਕੀਤੀ ਗਈ ਹੈ। ਮੁੱਖ ਮੰਤਰੀ ਮਾਣਯੋਗ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲਿੰਗ ਅਨੁਪਾਤ ਦੇ ਸੰਤੁਲਨ ਅਤੇ ਕੁੜੀਆਂ ਦੇ ਜਨਮ ਨੂੰ ਪ੍ਰੋਤਸਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਜ਼ਿਲਾ ਪਰਿਵਾਰ ਭਲਾਈ ਅਫ਼ਸਰ ਡਾ. ਰਣਜੀਤ ਸਿੰਘ ਨੇ ਕਿਹਾ ਕਿ ਇਹ ਉਪਲਬਧੀ ਜ਼ਿਲੇ ਦੇ ਹਰੇਕ ਅਧਿਕਾਰੀ, ਮੈਡੀਕਲ ਅਫਸਰ, ਫ਼ੀਲਡ ਸਟਾਫ਼, ਆਸ਼ਾ ਵਰਕਰਾਂ ਦੇ ਨਾਲ-ਨਾਲ ਜ਼ਿਲਾ ਹੁਸ਼ਿਆਰਪੁਰ ਦੇ ਵਸਨੀਕਾਂ ਦੇ ਸਾਂਝੇ ਯਤਨਾਂ ਦਾ ਨਤੀਜਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲੇ ਵਿੱਚ ਹਰ ਲੜਕੀ ਨੂੰ ਜਨਮ ਤੋਂ ਲੈ ਕੇ ਪੂਰੇ ਵਿਕਾਸ ਤੱਕ ਬਰਾਬਰ ਦੇ ਮੌਕੇ ਮੁਹੱਈਆ ਕਰਵਾਉਣਾ ਸਿਹਤ ਵਿਭਾਗ ਦੀ ਪ੍ਰਾਥਮਿਕਤਾ ਹੈ। ਉਨ੍ਹਾਂ ਸਮਾਜ ਨੂੰ ਅਪੀਲ ਕੀਤੀ ਕਿ ਲਿੰਗ-ਸੰਤੁਲਨ ਲਈ ਚੱਲ ਰਹੀਆਂ ਪਹਿਲਕਦਮੀਆਂ ਵਿੱਚ ਸਹਿਯੋਗ ਜਾਰੀ ਰੱਖਣ, ਤਾਂ ਜੋ ਹੁਸ਼ਿਆਰਪੁਰ ਭਵਿੱਖ ਵਿੱਚ ਵੀ ਇਹ ਪਹਿਲਾ ਸਥਾਨ ਬਰਕਰਾਰ ਰੱਖ ਸਕੇ। ਉਨ੍ਹਾਂ ਦੱਸਿਆ ਕਿ ਪਿੰਡ-ਪਿੰਡ ਪੱਧਰ 'ਤੇ ਲਗਾਤਾਰ ਜਾਗਰੂਕਤਾ ਸੈਮੀਨਾਰਾਂ ਅਤੇ ਐਕਟ ਦੀ ਸਖ਼ਤ ਲਾਗੂਅਤ ਰਾਹੀਂ ਕੁੜੀਆਂ ਪ੍ਰਤੀ ਮਾਨਸਿਕਤਾ ਅਤੇ ਵਿਵਹਾਰ ਵਿਚ ਸਾਕਾਰਾਤਮਕ ਬਦਲਾਅ ਲਿਆਉਣ ਦਾ ਯਤਨ ਜਾਰੀ ਹੈ। ਜਨਤਾ ਦੇ ਸਹਿਯੋਗ ਨਾਲ ਇਹ ਮੁਕਾਮ ਹਾਸਿਲ ਕਰਨਾ ਸੰਭਵ ਹੋਇਆ ਹੈ ਅਤੇ ਇਹ ਯਤਨ ਅਗਲੇ ਸਮੇਂ ਵਿਚ ਵੀ ਲਗਾਤਾਰ ਜਾਰੀ ਰਹਿਣਗੇ।




**ਫੋਟੋ ਅਜਮੇਰ ਦੀਵਾਨਾ**

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੇ ਜਿਲਾ ਪੱਧਰੀ ਕਨਵੈਨਸ਼ਨ ਕਾਕੇ ਤਿੱਖੇ ਸ਼ੰਘਰਸ਼ਾਂ ਦਾ ਦਿੱਤਾ ਸੱਦਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ 295 ਵੱਲੋਂ ਸਥਾਨਕ ਵਿਸ਼ਵਕਰਮਾ ਮੰਦਰ ਵਿਖੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਜ਼ਿਲਾ ਪੱਧਰੀ ਕਨਵੈਂਸ਼ਨ ਕਰਕੇ ਤਿੱਖੇ ਸ਼ੰਘਰਸ਼ਾਂ ਦਾ ਸੱਦਾ ਦਿੱਤਾ ਹੈ। ਕਨਵੈਂਸ਼ਨ ਵਿੱਚ ਕਨਵੈਨਸ਼ਨ ਵਿੱਚ ਡਾ ਧੰਨਾ ਮਲ ਗੋਇਲ ਸੂਬਾ ਪ੍ਰਧਾਨ ਮੁੱਖ ਮਹਿਮਾਨ ਵਜੋਂ ਪਹੁੰਚੇ। ਇਹ ਕਨਵੈਨਸ਼ਨ ਪੇਂਡੂ ਖੇਤਰਾਂ ਵਿੱਚ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਡਾਕਟਰਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਸਰਕਾਰ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਕਰਵਾਈ ਗਈ। ਜਿਸ ਵਿਚ ਇੱਕਜੁੱਟ ਹੋ ਕੇ ਆਪਣੀਆਂ ਮੁੱਖ ਮੰਗਾਂ 'ਤੇ ਜ਼ੋਰ ਦਿੱਤਾ ਜਿਵੇਂ ਕਿ: ਸਰਕਾਰੀ ਮਾਨਤਾ, ਪੱਕੀ ਨੀਤੀ ਦਾ ਗਠਨ, ਬਿਹਤਰ ਸਿਹਤ ਸਹੂਲਤਾਂ ਦਾ ਪ੍ਰਬੰਧ। ਸੂਬਾ ਪ੍ਰਧਾਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੇਂਡੂ ਡਾਕਟਰ ਪੰਜਾਬ ਦੇ ਪਿੰਡਾਂ ਵਿੱਚ ਸਿਹਤ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ ਪਰ ਉਹਨਾ ਨੂੰ ਅਜੇ ਵੀ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੇਂਡੂ ਡਾਕਟਰਾਂ ਦੀਆਂ ਮੰਗਾਂ ਨੂੰ ਤੁਰੰਤ ਸੁਣੇ ਅਤੇ ਉਨ੍ਹਾਂ ਨੂੰ ਸਰਕਾਰੀ ਮਾਨਤਾ ਦੇਣ ਲਈ ਇੱਕ ਠੋਸ ਨੀਤੀ ਬਣਾਏ ਤਾਂ ਜੋ ਪੇਂਡੂ ਲੋਕਾਂ ਨੂੰ ਬਿਹਤਰ ਡਾਕਟਰੀ ਸਹੂਲਤਾਂ ਮਿਲ ਸਕਣ। ਕਨਵੈਨਸ਼ਨ ਵਿੱਚ ਇੱਕ ਮਤਾ ਪਾਸ ਕਰਕੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਹਨਾਂ ਦੀਆਂ ਮੰਗਾਂ ਜਲਦੀ ਨਾ ਮੰਨੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਡਾਕਟਰਾਂ ਨੇ ਸਰਕਾਰ ਤੋਂ ਜਲਦ ਮੀਟਿੰਗ ਦਾ ਸਮਾਂ ਦੇਣ ਦੀ ਮੰਗ ਵੀ ਕੀਤੀ ਹੈ। ਭਰਾਤਰੀ ਜਥੇਬੰਦੀਆਂ ਵੱਲੋਂ ਕੁਲਵਿੰਦਰ ਸਿੰਘ ਬੜੈਚ ਸੂਬਾ ਪ੍ਰਧਾਨ ਇਫਟੂ, ਜਸਬੀਰ ਸਿੰਘ ਦੀਪ ਸੂਬਾ ਪ੍ਰੈੱਸ ਸਕੱਤਰ ਇਫਟੂ, ਨਿਰਮਲ ਸਿੰਘ ਔਜਲਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਗੁਰਦਿਆਲ ਰੱਕੜ ਜ਼ਿਲ੍ਹਾ ਪ੍ਰਧਾਨ ਇਫਟੂ, ਹਰਿੰਦਰ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਕਿਸਾਨ ਯੂਨੀਅਨ, ਡਾ. ਹਰਤੇਸ਼ ਪਾਹਵਾ, ਸੁਨੀਤਾ ਚੈਰੀਟੇਬਲ ਹੌਸਪੀਟਲ ਬਲਾਚੌਰ ਤੋਂ ਡਾ. ਸੁਨੀਤਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇੰਡੀਅਨ ਫੈਡਰੇਸ਼ਨ ਆਫ਼ ਟਰੇਡ ਯੂਨੀਅਨਜ਼ (ਇਫਟੂ) ਦੇ ਸੂਬਾ ਪ੍ਰਧਾਨ ਕੁਲਵਿੰਦਰ ਵੜੈਚ , ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਬੋਲਦਿਆਂ ਹੋਇਆ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਜਥੇਬੰਦੀ ਨੂੰ ਭਰੋਸਾ ਦਿਵਾਇਆ ਹੈ ਕਿ ਇਫਟੂ ਔਖੇ ਸਮੇਂ ਵਿੱਚ ਉਨ੍ਹਾਂ ਦੇ ਹੱਕਾਂ ਲਈ ਡਟ ਕੇ ਖੜੀ ਹੈ। ਉਹਨਾਂ ਕਿਹਾ ਕਿ ਮੈਡੀਕਲ ਪ੍ਰੈਕਟੀਸ਼ਨਰ ਸਮਾਜ ਦੀ ਅਹਿਮ ਸੇਵਾ ਕਰਦੇ ਹਨ, ਪਰ ਅਕਸਰ ਉਨ੍ਹਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਇਫਟੂ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਜਾਇਜ਼ ਹੱਕਾਂ ਦੀ ਰਾਖੀ ਲਈ ਹਰ ਪੱਧਰ 'ਤੇ ਸੰਘਰਸ਼ ਵਿੱਚ ਉਹਨਾਂ ਦਾ ਪੂਰਾ ਸਾਥ ਦੇਵੇਗੀ। ਜਿੱਥੇ ਵੀ ਜਥੇਬੰਦੀ ਨੂੰ ਕਿਸੇ ਪ੍ਰੇਸ਼ਾਨੀ ਜਾਂ ਬੇਇਨਸਾਫ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ, ਇਫਟੂ ਤੁਰੰਤ ਉਹਨਾ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰੇਗੀ। ਇਫਟੂ ਪ੍ਰਧਾਨ ਦੇ ਇਸ ਭਰੋਸੇ ਤੋਂ ਬਾਅਦ ਮੈਡੀਕਲ ਪ੍ਰੈਕਟੀਸ਼ਨਰਜ਼ ਦੀ ਜਥੇਬੰਦੀ ਦੇ ਨੁਮਾਇੰਦਿਆਂ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਫਟੂ ਵੱਲੋਂ ਮਿਲਿਆ ਇਹ ਸਮਰਥਨ ਉਨ੍ਹਾਂ ਲਈ ਵੱਡੀ ਤਾਕਤ ਹੈ। ਕਨਵੈਂਸ਼ਨ ਵਿੱਚ ਜਥੇਬੰਦੀ ਦੇ ਸੂਬਾ ਉਪ ਪ੍ਰਧਾਨ ਡਾ. ਦਿਲਦਾਰ ਸਿੰਘ ਚਾਹਲ, ਸੂਬਾ ਕਮੇਟੀ ਮੈਂਬਰ ਡਾ. ਧਰਮਪਾਲ ਜਿਲੇ ਦੇ ਚੇਅਰਮੈਨ ਡਾ. ਟੇਕ ਚੰਦ ਡਾ. ਧਰਮਜੀਤ ਜਨਰਲ ਸਕੱਤਰ ਡਾ ਰਾਮ ਜੀ ਦਾਸ ਕੈਸ਼ੀਅਰ ਡਾ. ਜਸਪਾਲ ਸ਼ਰਮਾ ਜਿਲਾ ਕਮੇਟੀ ਮੈਂਬਰ ਡਾ. ਕਸ਼ਮੀਰ ਬੰਗਾ ਉਪ ਪ੍ਰਧਾਨ ਡਾ ਬਿਮਲ ਉਪ ਕੈਸ਼ੀਅਰ ਡਾ. ਸਤਪਾਲ ਸਲਾਹਕਾਰ ਡਾ ਸੰਦੀਪ ਜੋਸ਼ੀ ਉਪ ਸਕੱਤਰ ਡਾ. ਕੁਲਵੀਰ ਐਕਸ਼ਨ ਕਮੇਟੀ ਪ੍ਰਧਾਨ ਡਾ. ਨਾਮ,ਐਕਸ਼ਨ ਕਮੇਟੀ ਮੈਂਬਰ ਡਾ. ਜਗਦੀਸ਼, ਜਿਲੇ ਦੇ ਬਲਾਕਾਂ ਦੇ ਪ੍ਰਧਾਨ ਡਾ. ਹਰਜਿੰਦਰ ਸਿੰਘ, ਡਾ. ਪ੍ਰਸ਼ੋਤਮ ਲਾਲ, ਡਾ. ਰਾਕੇਸ਼ ਕੁਮਾਰ ਸ਼ਰਮਾ, ਡਾ. ਸੁਖਜਾਦ, ਡਾ. ਅਸ਼ੋਕ ਵਰਮਾ ਸ਼ਰਮਾ, ਡਾ. ਕੁਲਵਿੰਦਰ, ਡਾ. ਬਲਵੀਰ ਸਿੰਘ, ਡਾ. ਤਜਿੰਦਰ ਜੋਤ ਡਾ. ਗਿਆਨ ਸਿੰਘ ਮੰਡੇਰ ਜਨਰਲ ਸਕੱਤਰ ਬਲਾਚੌਰ ਸ਼ਾਮਿਲ ਹੋਏ। ਅੰਤ ਵਿੱਚ ਸੂਬਾ ਪ੍ਰਧਾਨ ਡਾ.ਧੰਨਾ ਮੱਲ ਗੋਇਲ, ਜਿਲੇ ਅਤੇ ਬਲਾਕ ਦੇ ਅਹੁਦੇਦਾਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।



# ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ ਦਾ ਸਲਾਨਾ ਇਨਾਮ ਵੰਡ ਅਮਿੱਟ ਤੇ ਮਿੱਠੀਆਂ ਯਾਂਦਾ ਛੱਡਦਾ ਹੋਇਆ ਸਮਾਪਤ

● ਸਿੱਖਿਆ ਦਾ ਗਿਆਨ ਤੁਹਾਨੂੰ ਹਨੇਰੇ 'ਚ ਕੱਢ ਕੇ ਰੋਸ਼ਨੀ ਵੱਲ ਲੈ ਕੇ ਜਾਂਦਾ ਹੈ ਅਤੇ ਬੁੱਧ ਧੰਮ ਤੁਹਾਨੂੰ ਮਹਿਮਾ ਭਰਵਾਂ ਵਿੱਚੋਂ ਕੱਢਦਾ ਹੈ - ਸੁਮਨ ● ਕਮੇਟੀ ਦਾ ਮੁੱਖ ਮੰਤਵ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ ਨਾਲ ਨੈਤਿਕ ਸਿੱਖਿਆ ਦੇਣਾ ਹੈ - ਭੱਟੀ ● ਮੋਬਾਈਲ ਫੋਨ ਅਤੇ ਸ਼ੋਸ਼ਲ ਮੀਡੀਆ ਦੀ ਵਰਤੋਂ 'ਤੇ ਪੇਸ਼ ਕੀਤੀਆਂ ਕੋਰੀਓਗ੍ਰਾਫੀਆਂ ਰਹੀਆ ਵਿਸ਼ੇਸ਼ ਖਿੱਚ ਦਾ ਕੇਂਦਰ









**ਫਗਵਾੜਾ ( ਚਰਨਜੀਤ ਸੱਲ੍ਹਾਂ )** ਡਾ.ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ (ਰਜਿ.) ਚੈਰੀਟੇਬਲ ਟਰੱਸਟ ਪੰਜਾਬ ਅਤੇ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਅਤੇ ਯੂ.ਕੇ. ਦੀ ਦੇਖ-ਰੇਖ ਹੇਠ ਚੱਲ ਰਹੇ ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ ਸੂੰਢ ਦਾ ਸਲਾਨਾ ਇਨਾਮ ਵੰਡ ਸਮਾਗਮ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਦੀ ਅਗਵਾਈ ਹੇਠ ਬੜੀ ਹੀ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਅਤੇ ਮਹਾਂਮਾਨਵ ਤਥਾਗਤ ਬੁੱਧ ਦੀ ਪ੍ਰਤਿਮਾ ਅੱਗੇ ਸ਼ਮਾ ਰੋਸ਼ਨ ਕਰਨ ਦੀ ਰਸਮ ਮੁੱਖ ਮਹਿਮਾਨ ਵਜੋਂ ਪਹੁੰਚੇ ਦੇਵ ਲਾਲ ਸੁਮਨ ਪ੍ਰਧਾਨ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਗ੍ਰੇਟ ਬ੍ਰਿਟੇਨ, ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ, ਰਾਮਪਾਲ ਝੱਲੀ, ਸ਼੍ਰੀਮਤੀ ਮਹਿੰਦਰ ਕੌਰ ਝੱਲੀ, ਬਖਸ਼ੋ ਸੁਮਨ, ਸ਼੍ਰੀਮਤੀ ਸੱਤਿਆ ਸੱਲ੍ਹਣ ਯੂ.ਕੇ. ਆਦਿ ਨੇ ਸਾਂਝੇ ਤੌਰ ਤੇ ਕੀਤੀ। ਸਮਾਗਮ ਦੀ ਸ਼ੁਰੂਆਤ ਸਕੂਲੀ ਬੱਚਿਆ ਨੇ ਤਰੀਸ਼ੀਲ ਤੇ ਪੰਚਸ਼ੀਲ ਦਾ ਉਚਾਰਣ ਕਰਕੇ ਹਾਜ਼ਰੀਨ ਨੂੰ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ।



ਕਮੇਟੀ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨਾਂ, ਪੰਤਵੰਤਿਆ ਅਤੇ ਬੱਚਿਆਂ ਦੇ ਮਾਪਿਆਂ ਨੂੰ ਜੀ ਆਇਆ ਆਖਦਿਆਂ ਸਭ ਦਾ ਭਰਵਾਂ ਸਵਾਗਤ ਕੀਤਾ। ਭੱਟੀ ਨੇ ਕਿਹਾ ਕਿ ਕਮੇਟੀ ਦਾ ਮੁੱਖ ਮੰਤਵ ਹੈ ਕਿ ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੇ ਨਾਲ ਨਾਲ ਨੈਤਿਕ ਸਿੱਖਿਆ ਦੇਣਾ ਅਤੇ ਵਹਿਮਾਂ ਭਰਮਾਂ ਤੋਂ ਦੂਰ ਰੱਖਣਾ ਹੈ ਅਤੇ ਪੜਾਈ ਦੇ ਨਾਲ ਨਾਲ ਖੇਡਾਂ ਵੱਲ ਉਤਸ਼ਾਹਿਤ ਕਰਨਾ ਹੈ। ਉਨ੍ਹਾ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਕਮੇਟੀ ਵਲੋਂ ਜੋ ਡਾ.ਚਮਨ ਲਾਲ ਮੰਮਨ ਐਜੂਕੇਸ਼ਨਲ ਕੋਚਿੰਗ ਸੈਂਟਰ ਅਤੇ ਡਾ.ਬੀ.ਆਰ.ਅੰਬੇਡਕਰ ਸਪੋਰਟਸ ਐਕਡਮੀ ਚਲਾਈ ਜਾ ਰਹੀ ਹੈ ਉਸਦਾ ਆਪਣੇ ਬੱਚਿਆ ਦੇ ਉੱਜਵਲ ਭਵਿੱਖ ਲਈ ਵੱਧ ਤੋਂ ਵੱਧ ਫਾਇਦਾ ਉਠਾਉਣਾ ਚਾਹੀਦਾ ਹੈ ਅਤੇ ਬੱਚਿਆ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਣ।

ਇਸ ਮੌਕੇ ਸਕੂਲ ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ ਨੇ ਸਕੂਲ ਦੀ ਸਲਾਨਾ ਰਿਪੋਰਟ ਪੇਸ਼ ਕੀਤੀ ਅਤੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਮੁੱਖ ਮਹਿਮਾਨ ਦੇਵ ਲਾਲ ਸੁਮਨ ਪ੍ਰਧਾਨ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਗ੍ਰੇਟ ਬ੍ਰਿਟੇਨ ਨੇ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੀਆਂ ਸਿੱਖਿਆਵਾਂ ਤੇ ਚੱਲਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਸਿੱਖਿਆ ਦਾ ਗਿਆਨ ਤੁਹਾਨੂੰ ਹਨੇਰੇ 'ਚ ਕੱਢ ਕੇ ਰੋਸ਼ਨੀ ਵੱਲ ਲੈ ਕੇ ਜਾਂਦਾ ਹੈ ਅਤੇ ਬੁੱਧ ਧੰਮ ਤੁਹਾਨੂੰ ਮਹਿਮਾ ਭਰਵਾਂ ਵਿੱਚੋਂ ਕੱਢਦਾ ਹੈ।



ਉਨ੍ਹਾ ਕਿਹਾ ਕਿ ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ ਨੇ ਬੱਚਿਆ ਮਿਆਰੀ ਸਿੱਖਿਆ ਦੇਣ ਕਰਕੇ ਇਲਾਕੇ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਉਨ੍ਹਾ ਮੈਨੇਜਿੰਗ ਕਮੇਟੀ ਦੇ ਸਮੂਹ ਅਹੁਦੇਦਾਰਾਂ, ਸਕੂਲ ਸਟਾਫ, ਬੱਚਿਆ ਅਤੇ ਮਾਪਿਆਂ ਨੂੰ ਸਲਾਨਾ ਫੰਕਸ਼ਨ ਦੀ ਵਧਾਈ ਦਿੰਦਿਆ ਕਿਹਾ ਕਿ ਇਹੋ ਜਿਹੇ ਪ੍ਰੋਗਾਮ ਬੱਚਿਆ ਨੂੰ ਆਪਣਾ ਟੈਲੰਟ ਦਿਖਾਉਣ ਦਾ ਮੌਕਾ ਪ੍ਰਦਾਨ ਕਰਦੇ ਹਨ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵਲੋਂ ਮਹਾਂਮਾਨਵ ਤਥਾਗਤ ਬੁੱਧ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਤੇ ਸੰਘਰਸ਼ ਸਬੰਧੀ ਪੇਸ਼ ਕੀਤੀਆਂ ਕੋਰੀਓਗ੍ਰਾਫੀਆਂ ਤੋਂ ਇਲਾਵਾ ਸਕਿੱਟਾ ਅਤੇ ਗਿੱਧਾ ਅਤੇ ਭੰਗੜਾ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ ਅਤੇ ਵਾਹ ਵਾਹ ਖੱਟੀ। ਇਸ ਮੌਕੇ ਸਕੂਲੀ ਬੱਚਿਆ ਵਲੋਂ ਮੋਬਾਈਲ ਫੋਨ ਅਤੇ ਸ਼ੋਸ਼ਲ ਮੀਡੀਆ ਦੀ ਵਰਤੋਂ 'ਤੇ ਪੇਸ਼ ਕੀਤੀਆਂ ਕੋਰੀਓਗ੍ਰਾਫੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆ।

ਸਕੂਲ ਵਲੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ ਨੇ ਆਪਣੇ ਸੰਬੋਧਨ ਵਿੱਚ ਸਲਾਨਾ ਇਨਾਮ ਵੰਡ ਸਮਾਗਮ ਦੀ ਵਧਾਈ ਦਿੰਦਿਆ ਕਿਹਾ ਕਿ ਡਾ. ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ (ਰਜਿ.) ਚੈਰੀਟੇਬਲ ਟਰੱਸਟ ਵਲੋਂ ਸੈਂਟਰ ਵਿਖੇ ਚਲਾਏ ਜਾ ਰਹੇ ਡਾ.ਅੰਬੇਡਕਰ ਮੈਮੋਰੀਅਲ ਪਬਲਿਕ ਹਾਈ ਸਕੂਲ, ਬਾਬਾ ਡਾ.ਅੰਬੇਡਕਰ ਮਿਊਜ਼ੀਅਮ, ਲਾਇਬ੍ਰੇਰੀ ਅਤੇ ਕਮੇਟੀ ਵੱਲੋ ਤਥਾਗਤ ਬੁੱਧ ਦੇ ਪ੍ਰਚਾਰ ਪ੍ਰਸਾਰ 'ਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕਰਦਿਆ ਕਿਹਾ ਕਿ ਸੈਂਟਰ ਵਲੋਂ ਬਾਬਾ ਸਾਹਿਬ ਡਾ.ਬੀ.ਆਰ ਅੰਬੇਡਕਰ ਜੀ ਅਤੇ ਮਹਾਂ ਮਾਨਵ ਬੁੱਧ ਵਿਚਾਰਧਾਰਾ ਨੂੰ ਅੱਗੇ ਲਿਜਾਣ ਵਿੱਚ ਸਾਨੂੰ ਸਾਰਿਆ ਨੂੰ ਵਡਮੁੱਲਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਕਮੇਟੀ ਵੱਲੋ ਆਏ ਹੋਏ ਮਹਿਮਾਨਾਂ ਅਤੇ ਦਾਨੀ ਸੱਜਣਾ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹਰਬਲਾਸ ਬਸਰਾ ਉਪ ਪ੍ਰਧਾਨ, ਇੰਦਰਜੀਤ ਅਟਾਰੀ ਜਨਰਲ ਸਕੱਤਰ, ਅਮਰ ਚੰਦ ਅਟਾਰੀ, ਐਡਵੋਕੇਟ ਅਨੀਤਾ, ਸਰਪੰਚ ਸੁਰਿੰਦਰ ਰੱਤੂ,.ਬੀ.ਕੇ.ਰੱਤੂ, ਸਕੂਲ ਦੀ ਵਾਈਸ ਪ੍ਰਿੰਸੀਪਲ ਅੰਜਲੀ, ਮਨਜੋਤ ਕੌਰ ਲੌਂਗੀਆ, ਸਿਮਰਨ ਸਿੰਘ ਲੌਂਗੀਆ, ਰੁਪਿੰਦਰਦੀਪ ਕੌਰ, ਰੁਪਿੰਦਰ ਕੌਰ,ਪਰਮਜੀਤ ਕੌਰ, ਸੁਨੀਤਾ ਰਾਣੀ, ਹਰਪ੍ਰੀਤ ਕੌਰ, ਮਨਦੀਪ ਕੌਰ, ਜਸਪ੍ਰੀਤ, ਪ੍ਰਿੰਅਕਾ, ਬਲਵੀਰ ਦੇਵੀ, ਮਾਸਟਰ ਟੇਕ ਚੰਦ, ਸੁਲਿੰਦਰ ਸਿੰਘ ਹੀਰਾ, ਸ਼੍ਰੀਮਤੀ ਕਮਲਜੀਤ ਕੌਰ ਸਾਬਕਾ ਸਰਪੰਚ, ਤਾਰਾ ਚੰਦ, ਸਟੀਫਨ ਸਿੰਘ, ਨਛੱਤਰ ਸਿੰਘ, ਹਰਮਨ ਕੁਮਾਰ, ਮੁਸਕਾਨ, ਚਰਨਜੀਤ ਸੱਲਾਂ ਤੋਂ ਇਲਾਵਾ ਹੋਰ ਵੀ ਉਪਾਸ਼ਕ ਅਤੇ ਸਕੂਲ ਦਾਦ ਸਮੂਹ ਸਟਾਫ ਦੇ ਮੈਂਬਰ ਹਾਜਰ ਸਨ। ਮੰਚ ਸੰਚਾਲਨ ਦੀ ਭੂਮਿਕਾ ਮੈਡਮ ਸੁਨੀਤਾ ਰਾਣੀ ਤੇ ਮਨਰੂਪ ਕੌਰ ਨੇ ਬਾਖੂਬੀ ਨਿਭਾਈ।

# ਸਰਬਜੀਤ ਜਾਫਰਪੁਰ ਜ਼ਿਲ੍ਹਾ ਪ੍ਰਧਾਨ ਬਸਪਾ ਨੇ ਨੌਰਾ ਜੋਨ ਤੋਂ ਜ਼ਿਲ੍ਹਾ ਪਰਿਸ਼ਦ ਦੇ ਫ਼ਾਰਮ ਭਰੇ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਜਿਲਾ ਪਰਿਸ਼ਦ ਜੋਨ ਨੌਰਾ ਤੋਂ ਸਰਬਜੀਤ ਜਾਫਰਪੁਰ ਜੀ ਜਿਲਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਜੀ ਦੇ ਨੌਮੀਨੇਸ਼ਨ ਪੇਪਰ ਮਾਨਯੋਗ ਰਿਟਰਨਿੰਗ ਅਫਸਰ ਐਸਡੀਐਮ ਨਵਾਂ ਸ਼ਹਿਰ ਨੂੰ ਦਾਖਲ ਕਰਵਾਉਂਦੇ ਹੋਏ ਇਸ ਟਾਈਮ ਉਨ੍ਹਾਂ ਨਾਲ ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਹਲਕੇ ਤੋਂ ਹਾਜ਼ਰ ਸਨ ਅਤੇ ਬਹੁਜਨ ਸਮਾਜ ਪਾਰਟੀ ਪਾਰਟੀ ਦੇ ਹੋਰ ਕਈ ਵਰਕਰ ਮੌਜੂਦ ਸਨ।



# ਇਫਟੂ ਵਲੋਂ ਚਾਰ ਕਿਰਤ ਕੋਡ ਦੀਆਂ ਕਾਪੀਆਂ ਫੂਕਣ ਅਤੇ ਮੁਜਾਹਰੇ ਕਰਨ ਦਾ ਸੱਦਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**

ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ ਵੱਲੋਂ ਚਾਰ ਕਿਰਤ ਕੋਡ ਰੱਦ ਕਰਨ ਦੀ ਮੰਗ ਨੂੰ ਲੈ ਕੇ ਕਿਰਤ ਕੋਡ ਦੀਆਂ ਕਾਪੀਆਂ ਫ਼ੂਕਣ ਅਤੇ ਮੁਜ਼ਾਹਰੇ ਕਰਨ ਦਾ ਸੱਦਾ ਦਿੱਤਾ ਹੈ।ਇਹ ਫ਼ੈਸਲਾ ਸੂਬਾ ਕਮੇਟੀ ਦੀ ਹੋਈ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਉਪਰੰਤ ਇਫਟੂ ਪੰਜਾਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਅਤੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ ਨੇ ਦੱਸਿਆ ਕਿ ਇਹ ਕਿਰਤ ਕੋਡ ਲਾਗੂ ਕਰਕੇ ਮੋਦੀ ਸਰਕਾਰ ਨੇ ਮਜ਼ਦੂਰ ਵਰਗ ਉੱਤੇ ਬਹੁਤ ਹੀ ਘਾਤਕ ਹੱਲਾ ਬੋਲਿਆ ਹੈ ਜਿਸਦਾ ਮਜ਼ਦੂਰ ਜਮਾਤ ਹਰ ਹਾਲਤ ਤਿੱਖਾ ਜਵਾਬ ਦੇਵੇਗੀ। ਉਹਨਾਂ ਕਿਹਾ ਕਿ ਮੋਦੀ ਸਰਕਾਰ 80 ਕਰੋੜ ਉਹਨਾਂ ਲੋਕਾਂ ਦੀ ਹਕੀਕਤ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਜੋ 5 ਕਿਲੋ ਮੁਫਤ ਰਾਸ਼ਨ 'ਤੇ ਨਿਰਭਰ ਹਨ। ਇਹ ਐਲਾਨ ਉਸ ਹਕੀਕਤ ਦੇ ਬਾਵਜੂਦ ਕੀਤੇ ਜਾ ਰਹੇ ਹਨ ਕਿ ਬਹੁਗਿਣਤੀ ਟਰੇਡ ਯੂਨੀਅਨਾਂ ਨੇ ਇਹਨਾ ਮਜ਼ਦੂਰ ਵਿਰੋਧੀ ਤਬਦੀਲੀਆਂ ਦਾ ਖੁੱਲ੍ਹਾ ਵਿਰੋਧ ਕੀਤਾ ਹੈ। ਟਰੇਡ ਯੂਨੀਅਨਾਂ ਦੀਆਂ ਸਾਰੀਆਂ ਸਲਾਹਾਂ ਅਤੇ ਸਾਰੀਆਂ ਮੰਗਾਂ ਨੂੰ ਅਣਦੇਖੀਆਂ



ਕੀਤਾ ਗਿਆ ਹੈ। ਕਈ ਰਾਜ ਸਰਕਾਰਾਂ ਨੇ ਕੋਡਾਂ ਦੇ ਵਿਰੋਧ ਕਾਰਨ ਅਜੇ ਤਕ ਨਿਯਮ ਤਿਆਰ ਨਹੀਂ ਕੀਤੇ। ਪਰ ਮੋਦੀ ਸਰਕਾਰ ਨੂੰ ਮਜ਼ਦੂਰ ਵਰਗ ਦੇ ਕਿਸੇ ਵੀ ਹੱਕ ਦੀ ਦਲੀਲ ਦੀ ਕੋਈ ਪਰਵਾਹ ਨਹੀਂ। ਕੌੜੀ ਸੱਚਾਈ ਇਹ ਹੈ ਕਿ ਭਾਰਤ ਦੀ ਮਜ਼ਦੂਰ ਸ਼ਕਤੀ ਦੀ ਬਹੁਤ ਵੱਡੀ ਹਿੱਸੇਦਾਰੀ ਗ਼ੈਰ-ਜਥੇਬੰਦਕ ਖੇਤਰ ਵਿੱਚ ਹੈ ਅਤੇ ਦੇਸ਼ ਵਿਚ ਜ਼ਿਆਦਾਤਰ ਨੌਕਰੀਆਂ ਕੱਚੀਆਂ ਹਨ। ਕੋਡਾਂ ਦੇ ਇਸ ਐਲਾਨ ਨਾਲ ਸਰਕਾਰਾਂ ਅਤੇ ਪੂੰਜੀਪਤੀਆਂ ਵਿੱਚ ਉਹ ਹੌਸਲਾ ਪੈਦਾ ਹੋਵੇਗਾ ਕਿ ਉਹ ਹੁਣ ਤਕ ਮਜ਼ਦੂਰਾਂ ਨੇ ਜਿਨ੍ਹਾਂ ਅਧਿਕਾਰਾਂ ਲਈ ਜੱਦੋ-ਜਹਿਦ ਕੀਤੀ ਹੈ, ਉਹਨਾਂ ਨੂੰ ਵੀ ਤੋੜ ਸਕਣ। ਯੂਨੀਅਨ ਬਣਾਉਣ ਅਤੇ ਸੰਘਰਸ਼ ਕਰਨ ਦੇ ਨਾਲ ਪ੍ਰਾਪਤ ਕੀਤੇ ਅਧਿਕਾਰਾਂ 'ਤੇ ਸਿੱਧੇ ਹਮਲੇ ਕੀਤੇ ਜਾ ਰਹੇ ਹਨ। ਇਹ ਕਾਰਪੋਰੇਟ ਹਮਲਿਆਂ ਨੂੰ ਹੋਰ ਬੇਲਗਾਮ ਕਰਨਗੇ। ਕਾਰਪੋਰੇਟ ਤਾਂ ਲੰਮੇ ਸਮੇਂ ਤੋਂ ਉਡੀਕ ਵਿਚ ਹਨ ਕਿ 'ਹਾਇਰ-ਐਂਡ-ਫਾਇਰ' ਦਾ ਪੂਰਾ ਹੱਕ ਮਿਲੇ, ਬੇਅੰਤ ਕੰਮ ਦੇ ਘੰਟੇ ਲਗਾਏ ਜਾ ਸਕਣ ਅਤੇ ਲੋਕਤੰਤਰੀ ਅਧਿਕਾਰਾਂ ਨੂੰ ਕੁਚਲਿਆ ਜਾਵੇ। ਉਹਨਾਂ ਕਿਹਾ ਕਿ ਇਹ ਕੇਂਦਰ ਸਰਕਾਰ ਵੱਲੋਂ ਮਜ਼ਦੂਰ ਵਰਗ 'ਤੇ ਇੱਕ ਬਹੁਤ ਹੀ ਬੇਸ਼ਰਮੀ ਭਰਿਆ ਹਮਲਾ ਹੈ। ਇਹ ਸਾਰਾ ਕੁਝ ਕਾਰ-ਪੋਰੇਟ ਦੇ ਹਿੱਤ ਲਈ ਹੈ। ਇਸ ਦੇ ਨਾਲ ਹੀ ਜੰਗਲਾਂ ਅਤੇ ਖਣਿਜ ਸੰਪਤੀ ਨੂੰ ਕਾਰਪੋਰੇਟ ਨੂੰ ਸੌਂਪਣ ਦੀ ਇੱਕ ਸੋਚੀ ਸਮਝੀ ਮੁਹਿੰਮ ਵੀ ਚੱਲ ਰਹੀ ਹੈ।ਇਸ ਮੌਕੇ ਇਫਟੂ ਦੇ ਸੂਬਾ ਕਾਰਜਕਾਰੀ ਸਕੱਤਰ ਅਵਤਾਰ ਸਿੰਘ ਤਾਰੀ, ਵਿੱਤ ਸਕੱਤਰ ਜੁਗਿੰਦਰ ਪਾਲ ਗੁਰਦਾਸਪੁਰ, ਸੂਬਾ ਕਮੇਟੀ ਮੈਂਬਰ ਰਮੇਸ਼ ਕੁਮਾਰ ਨੂਰਪੁਰ, ਸ੍ਰੀ ਨਾਥ ਪਟਿਆਲਾ, ਜਗਸੀਰ ਅਤੇ ਦਲੀਪ ਕੁਮਾਰ ਵੀ ਮੌਜੂਦ ਸਨ।

ਸਮਾਜ ਵੀਕਲੀ ਨਿਊਜ਼

# ਏਕਮ ਪਬਲਿਕ ਸਕੂਲ ਮਹਿਤਪੁਰ ਦੇ ਸਪੋਰਟਸ ਡਿਪਾਰਟਮੈਂਟ ਦੇ ਹੈੱਡ ਸਰਦਾਰ ਪਰਮਿੰਦਰ ਸਿੰਘ ਨੈਸ਼ਨਲ ਐਵਾਰਡ ਨਾਲ ਸਨਮਾਨਿਤ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ ਪੰਜਾਬ ਵਲੋਂ ਹਾਲ ਹੀ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਪ੍ਰੈਜੀਡੈਂਟ ਡਾਕਟਰ ਜਗਜੀਤ ਸਿੰਘ ਧੂਰੀ ਹੁਰਾਂ ਦੀ ਵਿਸ਼ੇਸ਼ ਅਗਵਾਈ ਵਿੱਚ ਨੈਸ਼ਨਲ ਐਵਾਰਡ ਸਮਾਰੋਹ ਕਰਵਾਇਆ ਜਿਸ ਵਿੱਚ ਏਕਮ ਪਬਲਿਕ ਸਕੂਲ ਮਹਿਤਪੁਰ ਦੇ ਸਪੋਰਟਸ ਡਿਪਾਰਟਮੈਂਟ ਦੇ ਹੈੱਡ ਸਰਦਾਰ ਪਰਮਿੰਦਰ ਸਿੰਘ ਨੂੰ 'ਸਪੋਰਟਸ ਆਫ਼ ਐਕਸੀਲੈਂਸ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸਦੇ ਨਾਲ ਹੀ ਇਸ ਸਮਾਰੋਹ ਦੌਰਾਨ ਏਕਮ ਪਬਲਿਕ ਸਕੂਲ ਨੂੰ 'ਬੈਸਟ ਸਕੂਲ ਇੰਨ ਸਪਰਟਸ ਕੈਟੇਗਰੀ' ਨਿਵਾਜਿਆ ਗਿਆ। ਇਸ ਮੌਕੇ ਸਕੂਲ ਦੇ ਤਿੰਨ ਖਿਡਾਰੀਆਂ,ਜਿੰਨਾਂ ਵਿੱਚ ਸਾਹਿਬਵੀਰ ਸਿੰਘ, ਅਗਮਜੋਤ ਸਿੰਘ ਅਤੇ ਮਨਰੂਪ ਕੌਰ ਨੇ ਨੈਸ਼ਨਲ ਲੈਵਲ ਤੇ ਪੁਜੀਸ਼ਨ ਹਾਸਿਲ ਕੀਤੀ।ਇਹ ਜਾਣਕਾਰੀ ਸਕੂਲ ਡਾਇਰੈਕਟਰ ਸਰਦਾਰ ਨਿਰਮਲ ਸਿੰਘ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵਲੋਂ ਸਾਂਝੇ ਤੌਰ ਤੇ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਵਿਸ਼ਾਲ




ਐਵਾਰਡ ਸਮਾਰੋਹ ਵਿੱਚ ਸਰਦਾਰ ਸਤਨਾਮ ਸਿੰਘ ਸੰਧੂ ਐੱਮ ਪੀ ਅਤੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਗੁਰਨਾਮ ਭੁੱਲਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਨੇ ਕਿਹਾ ਕਿ ਇਸ ਐਵਾਰਡ ਸਮਾਰੋਹ ਵਿੱਚ ਦੇਸ਼ ਭਰ ਦੇ ਸਕੂਲਾਂ ਵਲੋਂ ਹਿੱਸਾ ਲਿਆ ਗਿਆ ਸੀ। ਏਕਮ ਪਬਲਿਕ ਸਕੂਲ ਦੇ ਅਧਿਆਪਕ ਵਲੋਂ ਇਸ ਸਨਮਾਨ ਨੂੰ ਹਾਸਿਲ ਕਰਨਾ ਸਕੂਲ ਲਈ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ ਸਕੂਲ ਮੈਂਨਜਮੈਂਟ ਅਤੇ ਸਮੂਹ ਸਟਾਫ਼ ਵਲੋਂ ਸਰਦਾਰ ਪਰਮਿੰਦਰ ਸਿੰਘ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਗਈ।



# ਰੁਤਬਿਆਂ ਦਾ ਰਿਸ਼ਤਿਆਂ ਉੱਤੇ ਪ੍ਰਭਾਵ

ਰਿਸ਼ਤਿਆਂ ਅਤੇ ਰੁਤਬਿਆਂ ਦਾ ਆਪਸ ਵਿੱਚ ਇੱਕ ਗਹਿਰਾ ਸਬੰਧ ਹੈ। ਸਾਡੇ ਸਮਾਜ ਵਿੱਚ ਰਿਸ਼ਤਿਆਂ ਦੀ ਬਹੁਤ ਅਹਿਮੀਅਤ ਹੈ। ਜੇ ਦੇਖਿਆ ਜਾਵੇ ਤਾਂ ਬੱਚਾ ਜਨਮ ਲੈਂਦਿਆਂ ਹੀ ਕਿੰਨੇ ਸਾਰੇ ਰਿਸ਼ਤਿਆਂ ਦੇ ਬੰਧਨ ਵਿੱਚ ਬੱਝ ਜਾਂਦਾ ਹੈ। ਉਹ ਆਪ ਚਾਹੇ ਇਸ ਗੱਲੋਂ ਬੇਖ਼ਬਰ ਹੁੰਦਾ ਹੈ ਪਰ ਜਿਵੇਂ ਜਿਵੇਂ ਸੋਝੀ ਆਈ ਜਾਂਦੀ ਹੈ ਉਸ ਨੂੰ ਆਪਣੇ ਰਿਸ਼ਤਿਆਂ ਦੀ ਪਛਾਣ ਆਉਣ ਲੱਗਦੀ ਹੈ। ਮਾਂ-ਬਾਪ,ਭੈਣ- ਭਰਾ ਵਰਗੇ ਰਿਸ਼ਤੇ ਖੂਨ ਦੇ ਰਿਸ਼ਤੇ ਹੁੰਦੇ ਹਨ ਜਦ ਕਿ ਬਾਕੀ ਕੁਝ ਰਿਸ਼ਤੇ ਸਕੇ ਸਬੰਧੀਆਂ ਦੇ,ਕੁਝ ਨਵੇਂ ਜੁੜਨ ਵਾਲੇ ਰਿਸ਼ਤੇ ਸਾਕਾਦਾਰੀ ਦੇ ਰਿਸ਼ਤੇ ਹੁੰਦੇ ਹਨ,ਕੁਝ ਸਮਾਜ ਵਿੱਚ ਵਿਚਰਦਿਆਂ ਸਮਾਜਿਕ ਰਿਸ਼ਤੇ ਬਣਦੇ ਹਨ। ਹਰ ਰਿਸ਼ਤੇ ਦੀ ਆਪਣੀ ਅਹਿਮੀਅਤ ਹੁੰਦੀ ਹੈ।

"ਰੁਤਬਾ" ਅਰਥ ਹੈ "ਪਦਵੀ, ਅਹੁਦਾ,ਮਾਣ, ਇੱਜ਼ਤ, ਜਾਂ ਦਰਜਾ"। ਇਹ ਸ਼ਬਦ ਕਿਸੇ ਵਿਅਕਤੀ ਦੀ ਸਮਾਜਿਕ ਸਥਿਤੀ ਜਾਂ ਉਸਦੀ ਮਹੱਤਤਾ ਨੂੰ ਦਰਸਾਉਂਦਾ ਹੈ।ਰੁਤਬਿਆਂ ਦੀ ਗੱਲ ਕਰੀਏ ਤਾਂ ਮਨੁੱਖ ਰੁਤਬਾ ਹਾਸਲ ਕਰਨ ਲਈ ਬਹੁਤ ਮਿਹਨਤ ਕਰਦਾ ਹੈ। ਜਦ ਕੋਈ ਵੀ ਮਨੁੱਖ ਆਪਣੇ ਪਰਿਵਾਰਕ ਮੈਂਬਰਾਂ ਜਾਂ ਸਮਾਜ ਦੇ ਲੋਕਾਂ ਨਾਲੋਂ ਅਲੱਗ ਇੱਕ ਉੱਚੀ ਪਦਵੀ ਜਾਂ ਉਪਾਧੀ ਹਾਸਲ ਕਰ ਲੈਂਦਾ ਹੈ ਤਾਂ ਉਸ ਦਾ ਰੁਤਬਾ ਉਹਨਾਂ ਨਾਲ਼ੋਂ ਉੱਚਾ ਹੋ ਜਾਂਦਾ ਹੈ। ਆਮ ਕਰਕੇ ਪਰਿਵਾਰ ਵਿੱਚ ਵਿਚਰਦਿਆਂ ਜੀਵਨ ਦੇ ਮੁੱਢਲੇ ਸਮੇਂ ਵਿੱਚ ਕਈ ਬੱਚੇ ਪੜ੍ਹ ਲਿਖ ਕੇ ਉੱਚੇ ਅਹੁਦਿਆਂ ਤੇ ਬਿਰਾਜਮਾਨ ਹੋ ਜਾਂਦੇ ਹਨ ਤੇ ਉਹਨਾਂ ਦੇ ਹੀ ਭੈਣ ਭਰਾ ਕਈ ਵਾਰ ਘੱਟ ਪੜ੍ਹਦੇ ਹਨ ਤੇ ਉਹਨਾਂ ਦਾ ਜੀਵਨ ਪੱਧਰ ਮਿਹਨਤ ਮਜ਼ਦੂਰੀ ਨਾਲ ਸਬੰਧਤ ਹੋ ਜਾਂਦਾ ਹੈ। ਕਈ ਵਿਅਕਤੀ ਚੰਗੇ ਸਮਾਜਿਕ ਕੰਮ ਕਰਕੇ ਜਾਂ ਸਮਾਜ ਸੇਵਾ ਕਰਕੇ ਤੇ ਕਈ ਰਾਜਨੀਤੀ ਵਿੱਚ ਪ੍ਰਵੇਸ਼ ਕਰਕੇ ਜਦੋਂ ਇੱਕ ਵੱਡਾ ਮੁਕਾਮ ਹਾਸਲ ਕਰ ਲੈਂਦੇ ਹਨ ਜੋ ਪਰਿਵਾਰ ਦੇ ਬਾਕੀ ਮੈਂਬਰਾਂ ਜਾਂ ਸਮਾਜ ਦੇ ਬਾਕੀ ਲੋਕਾਂ ਤੋਂ ਵੱਖਰੀ ਪਛਾਣ ਬਣਾ ਲੈਂਦੇ ਹਨ, ਉਹਨਾਂ ਦਾ ਰੁਤਬਾ ਵੀ ਬਾਕੀਆਂ ਨਾਲ਼ੋਂ ਉੱਚਾ ਹੋ ਜਾਂਦਾ ਹੈ ।ਇਹੋ ਜਿਹੀਆਂ ਸਾਡੇ ਸਮਾਜ ਵਿੱਚ ਅਨੇਕਾਂ ਹੀ ਉਦਾਹਰਣਾਂ ਆਪਣੇ ਆਲੇ ਦੁਆਲੇ ਵਿੱਚ ਵੇਖਣ ਨੂੰ ਮਿਲ ਜਾਂਦੀਆਂ ਹਨ। ਕੀ ਰੁਤਬਿਆਂ ਦਾ ਰਿਸ਼ਤਿਆਂ ਉੱਤੇ ਕੋਈ ਅਸਰ ਪੈਂਦਾ ਹੈ ਕਿ ਨਹੀਂ? ਆਮ ਕਰਕੇ ਇਹ ਵੇਖਣ ਨੂੰ ਆਇਆ ਹੈ ਕਿ ਜਦੋਂ ਕੋਈ ਵਿਅਕਤੀ ਸਾਡੇ ਆਲੇ ਦੁਆਲੇ ਵਿੱਚੋਂ ਕੋਈ ਉੱਚਾ ਰੁਤਬਾ ਹਾਸਲ ਕਰ ਲੈਂਦਾ ਹੈ ਤਾਂ ਉਹ ਆਰਥਿਕ ਤੌਰ ਤੇ ਬਹੁਤ ਮਜ਼ਬੂਤ ਹੋ ਜਾਂਦਾ ਹੈ ਤੇ ਖਾਸ ਕਰਕੇ ਆਪਣੇ ਬਰਾਬਰ ਦੇ ਲੋਕਾਂ ਵਿੱਚ ਵਿਚਰਨ ਲੱਗਦਾ ਹੈ। ਜਿਵੇਂ ਜਿਵੇਂ ਉਸ ਦਾ ਉੱਠਣਾ ਬੈਠਣਾ ਵੱਡੇ ਲੋਕਾਂ ਵਿੱਚ ਭਾਵ ਆਪਣੇ ਰੁਤਬੇ ਦੇ ਬਰਾਬਰ ਦੇ ਲੋਕਾਂ ਵਿੱਚ ਹੋਣ ਲੱਗਦਾ ਹੈ ਤਾਂ ਉਹ ਆਪਣੇ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ਼ ਦੂਰੀ ਵਧਾਉਣ ਲੱਗਦਾ ਹੈ ਕਿਉਂਕਿ ਉਹ ਆਪਣੇ ਹੀ ਭੈਣ ਭਰਾਵਾਂ ਜਾਂ ਮਾਪਿਆਂ ਨੂੰ ਆਪਣੀ ਹੈਸੀਅਤ ਤੋਂ ਛੋਟਾ ਸਮਝਣ ਲੱਗ ਪੈਂਦਾ ਹੈ।ਉਹ ਵਿਅਕਤੀ ਇਹ ਭੁੱਲ ਜਾਂਦੇ ਹਨ ਕਿ ਉਹ ਵੀ ਇਸੇ ਪਰਿਵਾਰ ਦਾ ਹਿੱਸਾ ਹੁੰਦੇ ਸਨ। ਕਈ ਵਾਰ ਤਾਂ ਰੁਤਬਿਆਂ ਦਾ ਮਨੁੱਖ ਉੱਪਰ ਇਸ ਤਰ੍ਹਾਂ ਦਾ ਗਰੂਰ ਸਵਾਰ ਹੋਇਆ ਵੇਖਿਆ ਜਾਂਦਾ ਹੈ ਕਿ ਆਪਣੇ ਸਕੇ ਭੈਣ ਭਰਾਵਾਂ ਨੂੰ ਆਪਣੇ ਰਿਸ਼ਤੇਦਾਰ ਕਹਿਣ ਤੋਂ ਵੀ ਕੰਨੀਂ ਕਤਰਾਉਂਦੇ ਹਨ। ਕਈ ਲੋਕ ਤਾਂ ਆਪਣੇ ਰੁਤਬੇ ਦੇ ਨਸ਼ੇ ਵਿੱਚ ਆਪਣੇ ਬੁੱਢੇ ਮਾਪਿਆਂ ਨੂੰ ਵੀ ਆਪਣੀ ਸੁਸਾਇਟੀ ਦੇ ਲੋਕਾਂ ਨਾਲ ਮਿਲਵਾਉਣ ਵਿੱਚ ਸ਼ਰਮ ਮਹਿਸੂਸ ਕਰਦੇ ਹਨ। ਇਸ ਤਰ੍ਹਾਂ ਰੁਤਬੇ ਮਨੁੱਖ ਦੇ ਨਿੱਜੀ ਰਿਸ਼ਤਿਆਂ ਉੱਤੇ ਇਸ ਤਰ੍ਹਾਂ ਭਾਰੂ ਪੈ ਜਾਂਦੇ ਹਨ ਕਿ ਆਪਣੇ ਹੀ ਸਕੇ ਸਬੰਧੀਆਂ ਨੂੰ ਆਪਣਿਆਂ ਤੋਂ ਦੂਰ ਕਰ ਦਿੰਦੇ ਹਨ। ਜਿਹੜੇ ਲੋਕ ਆਪਣੇ ਰੁਤਬੇ ਦੇ ਪ੍ਰਭਾਵ ਹੇਠ ਆ ਕੇ ਜਿੱਥੇ ਆਪਣੇ ਘਰ ਪਰਿਵਾਰ ਤੋਂ ਦੂਰੀ ਬਣਾਉਣ ਲੱਗਦੇ ਹਨ ਉੱਥੇ ਉਹ ਉਸ ਸਮਾਜਿਕ ਦਾਇਰੇ ਤੋਂ ਵੀ ਕਿਨਾਰਾ ਕਰ ਲੈਂਦੇ ਹਨ ਜਿੱਥੇ ਕਦੇ ਉਹਨਾਂ ਨੇ ਆਪਣੇ ਸਮਾਜ ਦੇ ਲੋਕਾਂ ਤੋਂ ਬਹੁਤ ਕੁਝ ਸਿੱਖਿਆ ਹੁੰਦਾ ਹੈ। ਉਹਨਾਂ ਨੂੰ ਆਪਣੇ ਪਿਛੋਕੜ ਨੂੰ ਦੱਸਣ ਲੱਗਿਆਂ ਸ਼ਰਮ ਮਹਿਸੂਸ ਹੁੰਦੀ ਹੈ। ਇਹੋ ਜਿਹੇ ਲੋਕ ਜਿਹੜੇ ਨਵੇਂ ਸਮਾਜ ਦਾ ਹਿੱਸਾ ਬਣਦੇ ਹਨ ਉੱਥੇ ਵੀ ਉਹ ਖੁੱਲ੍ਹ ਕੇ ਵਿਚਰ ਨਹੀਂ ਸਕਦੇ ਕਿਉਂ ਕਿ ਉਹਨਾਂ ਨੇ ਸਿਰਫ਼ ਆਪਣੇ ਰੁਤਬੇ ਦੇ ਅਧਾਰ ਤੇ ਹੀ ਉਹਨਾਂ ਲੋਕਾਂ ਵਿੱਚ ਆਪਣਾ ਕਿਰਦਾਰ ਸਿਰਜਿਆ ਹੁੰਦਾ ਹੈ , ਉਹਨਾਂ ਨੂੰ ਆਪਣੇ ਗਰੀਬ ਭੈਣ ਭਰਾਵਾਂ ਜਾਂ ਮਾਪਿਆਂ ਦਾ ਭੇਦ ਖੁੱਲ੍ਹਣ ਦਾ ਡਰ ਲੱਗਿਆ ਰਹਿੰਦਾ ਹੈ। ਇਹੋ ਜਿਹੇ ਲੋਕ ਆਪਣੇ ਆਲ਼ੇ ਦੁਆਲ਼ੇ ਦੇ ਲੋਕਾਂ , ਗੁਆਂਢੀਆਂ ਜਾਂ ਦੋਸਤਾਂ ਮਿੱਤਰਾਂ, ਜਿਹਨਾਂ ਨਾਲ ਕਦੇ ਜ਼ਿੰਦਗੀ ਦਾ ਮਹੱਤਵ ਪੂਰਨ ਸਮਾਂ ਬਿਤਾਇਆ ਹੁੰਦਾ ਹੈ, ਜਿਹਨਾਂ ਨਾਲ ਮੌਜ ਮਸਤੀ ਕਰਦੇ ਹੋਏ ਜੀਵਨ ਜਾਚ ਸਿੱਖੀ ਹੁੰਦੀ ਹੈ, ਉਹਨਾਂ ਨੂੰ ਵੀ ਪਛਾਨਣ ਤੋਂ ਕੋਰੀ ਨਾਂਹ ਕਰ ਦਿੰਦੇ ਹਨ। ਮੰਨਿਆ ਕਿ ਉਹ ਆਪਣੀ ਇੱਕ ਉੱਚ ਸਤਰ ਦੀ ਜੀਵਨਸ਼ੈਲੀ ਤਾਂ ਅਪਣਾ ਲੈਂਦੇ ਹਨ, ਉਹਨਾਂ ਦੀ ਜਾਣ ਪਛਾਣ ਵੱਡੇ ਲੋਕਾਂ ਨਾਲ਼ ਹੋ ਜਾਂਦੀ ਹੈ ਪਰ ਇਹੋ ਜਿਹੇ ਲੋਕ ਆਪਣੀ ਜ਼ਿੰਦਗੀ ਨੂੰ ਖੁੱਲ੍ਹ ਕੇ ਜਿਉਣ ਤੋਂ ਵਾਂਝੇ ਹੋ ਜਾਂਦੇ ਹਨ। ਉਹਨਾਂ ਦੇ ਅੰਦਰ ਆਪਣੇ ਆਪ ਨਾਲ ਵਿਚਾਰਾਂ ਦੀ ਇੱਕ ਲੜਾਈ ਜਿਹੀ ਚਲਦੀ ਰਹਿੰਦੀ ਹੈ ਜਿਸ ਦਾ ਜ਼ਿਕਰ ਉਹ ਕਿਸੇ ਨਾਲ ਨਹੀਂ ਕਰ ਸਕਦੇ। ਉਹਨਾਂ ਦੀ ਸੋਚ ਦਾ ਪੱਧਰ ਸੌੜਾ ਜਿਹਾ ਹੋ ਕੇ ਰਹਿ ਜਾਂਦਾ ਹੈ, ਮਿਲਵਰਤਣ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ ਤੇ ਜ਼ਿੰਦਗੀ ਬਨਾਵਟੀ ਰੰਗਤ ਨਾਲ ਰੰਗੀ ਜਾਂਦੀ ਹੈ। ਅਗਰ ਕੋਈ ਵਿਅਕਤੀ ਉੱਚਾ ਰੁਤਬਾ ਹਾਸਲ ਕਰਕੇ ਵੀ ਆਪਣੇ ਪਿਛੋਕੜ ਜਾਂ ਆਪਣੇ ਰਿਸ਼ਤਿਆਂ ਨੂੰ ਓਨੀ ਹੀ ਅਹਿਮੀਅਤ ਦਿੰਦਾ ਹੈ ਜਿੰਨਾ ਉਹ ਰੁਤਬਾ ਹਾਸਲ ਕਰਨ ਤੋਂ ਪਹਿਲਾਂ ਦਿੰਦਾ ਸੀ ਤਾਂ ਇਹੋ ਜਿਹੇ ਵਿਅਕਤੀ ਦੀ ਸਮਾਜ ਵਿੱਚ ਸ਼ੋਭਾ ਵਧਦੀ ਹੈ। ਇਹੋ ਜਿਹੇ ਵਿਅਕਤੀ ਨੂੰ ਹਰ ਕੋਈ ਸਤਿਕਾਰ ਦੀ ਨਜ਼ਰ ਨਾਲ ਵੇਖਦਾ ਹੈ। ਉਹ ਵਿਅਕਤੀ ਆਪਣੇ ਨਿੱਜੀ ਅਤੇ ਸਮਾਜਿਕ ਦਾਇਰੇ ਵਿੱਚ ਖੁੱਲ੍ਹ ਕੇ ਜਿਉਣ ਦੇ ਸਮਰੱਥ ਹੁੰਦਾ ਹੈ। ਸਾਡੇ ਸਮਾਜ ਵਿੱਚ ਚਾਹੇ ਇਹੋ ਜਿਹੇ ਵਿਅਕਤੀਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ ਪਰ ਫਿਰ ਵੀ ਇਹ ਲੋਕ ਬਹੁਤ ਸਤਿਕਾਰ ਦੇ ਪਾਤਰ ਹੁੰਦੇ ਹਨ। ਸਮਾਜ ਵਿੱਚ ਵਿਚਰਦਿਆਂ ਹਰ ਕਿਸੇ ਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਰੁਤਬਿਆਂ ਦਾ ਰਿਸ਼ਤਿਆਂ ਉੱਪਰ ਕੋਈ ਮਾੜਾ ਪ੍ਰਭਾਵ ਨਹੀਂ ਪੈਣ ਦੇਣਾ ਚਾਹੀਦਾ ਤਾਂ ਜੋ ਰਿਸ਼ਤਿਆਂ ਦੀ ਅਹਿਮੀਅਤ ਨੂੰ ਮੁੱਖ ਰੱਖ ਕੇ ਹੀ ਜੀਵਨ ਬਤੀਤ ਕੀਤਾ ਜਾ ਸਕੇ।



**ਬਰਜਿੰਦਰ ਕੌਰ ਬਿਸਰਾਓ...**
**9988901324**

## ਛੋਕਰਾਂ ਵਿਖੇ ਰਾਤ ਦੇ ਸਮੇਂ ਹਵੇਲੀ 'ਚ ਖੜੇ ਦੋ ਟਰੈਕਟਰਾਂ ਦੀਆਂ ਬੈਟਰੀਆਂ ਚੋਰੀ

**ਫਿਲੌਰ/ਅੱਪਰਾ, (ਦੀਪਾ)**-ਅੱਪਰਾ ਤੇ ਆਸ-ਪਾਸ ਦੇ ਪਿੰਡਾਂ 'ਚ ਅਣਪਛਾਤੇ ਚੋਰਾਂ ਵਲੋਂ ਆਏ ਦਿਨ ਤੇ ਰਾਤ ਚੋਰੀ ਤੇ ਲੁੱਟ-ਖੋਹ ਦੀਆਂ ਵਾਰਦਾਤਾਂ ਸ਼ਰੇਆਮ ਹੋ ਰਹੀਆਂ ਹਨ, ਜਦਕਿ ਪੁਲਿਸ ਪ੍ਰਸ਼ਾਸ਼ਨ ਕੁੰਭਕਰਨੀ ਨੀਂਦ ਸੁੱਤਾ ਹੋਇਆ ਹੈ । ਬੀਤੀ ਰਾਤ ਵੀ ਅਣਪਛਾਤੇ ਚੋਰ ਕਰੀਬੀ ਪਿੰਡ ਛੋਕਰਾਂ ਤੋਂ ਇੱਕ ਹਵੇਲੀ 'ਚ ਖੜੇ ਦੋ ਟਰੈਕਟਰਾਂ ਦੀਆਂ ਬੈਟਰੀਆਂ ਚੋਰੀ ਕਰਕੇ ਲੈ ਗਏ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਸਰੂਪ ਲਾਲ ਵਾਸੀ ਪਿੰਡ ਛੋਕਰਾਂ ਨੇ ਦੱਸਿਆ ਕਿ ਉਸਦੀ ਹਵੇਲੀ ਪਿੰਡ ਦੀ ਮੇਨ ਗਰਾਊਡ ਦੇ ਨੇੜੇ ਸਥਿਤ ਹੈ । ਬੀਤੀ ਰਾਤ ਉਸਦੇ ਦੋ ਟਰੈਕਟਰ ਅਰਜਨ ਮਹਿੰਦਰਾ ਤੇ ਐਂਟਰ 'ਚ ਦੋ ਬੈਟਰੀਆਂ ਚੋਰੀ ਕਰਕੇ ਲੈ ਗਏ । ਘਟਨਾ ਸੰਬੰਧੀ ਅੱਪਰਾ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ ।

## ''ਬਸਪਾ ਨੇ ਕਾਂਗਰਸ ਨੂੰ ਦਿੱਤਾ ਝਟਕਾ



**ਫਿਲੌਰ (ਚਰਨਜੀਤ ਸੱਲ੍ਹਾਂ)**- ਬਸਪਾ ਨੇ ਕਾਂਗਰਸ ਨੂੰ ਦਿੱਤਾ ਝਟਕਾ ਪਿੰਡ ਭੱਟੀਆਂ ਦੇ ਸਰਪੰਚ ਸਰਬਜੀਤ ਸਿੰਘ ਦੀ ਪਤਨੀ ਬਲਬੀਰ ਕੌਰ ਬਸਪਾ ਚ ਸ਼ਾਮਲ। ਬਸਪਾ ਨੇ ਖਹਿਰਾ ਜੋਨ ਤੋਂ ਬਲਾਕ ਸੰਮਤੀ ਦਾ ਉਮੀਦਵਾਰ ਬਣਾਇਆ। ਇਸ ਮੌਕੇ ਉਨ੍ਹਾਂ ਦੱਸਿਆ ਕਿ ਕਾਂਗਰਸ ਪਾਰਟੀ ਸਾਨੂੰ ਪੁੱਛ ਨਹੀਂ ਰਹੀ ਜਦੋਂ ਕਿ ਅਸੀਂ ਟਕਸਾਲੀ ਕਾਂਗਰਸੀ ਹਾਂ ਅੱਜ ਤੋਂ ਬਾਅਦ ਅਸੀਂ ਬਹੁਜਨ ਸਮਾਜ ਪਾਰਟੀ ਦੇ ਵਰਕਰ ਬਣ ਕੇ ਕੰਮ ਕਰਾਂਗੇ ਅਤੇ ਜਿਹੜਾ ਮਾਣ ਸਾਨੂੰ ਬਸਪਾ ਵਿੱਚ ਆਕੇ ਮਿਲਿਆ ਹੈ ਉਸ ਲਈ ਮੈਂ ਪੰਜਾਬ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਅਤੇ ਹਲਕਾ ਫਿਲੌਰ ਦੀ ਬਸਪਾ ਟੀਮ ਦਾ ਧੰਨਵਾਦ ਕਰਦੀ ਹਾਂ ਅੱਜ ਸਾਡੀ ਪੂਰੀ ਪੰਚਾਇਤ ਬਸਪਾ ਵਿੱਚ ਸ਼ਾਮਲ ਹੋ ਗਈ ਹੈ। ਇਸ ਮੌਕੇ ਖੁਸ਼ੀ ਰਾਮ ਸਾਬਕਾ ਸਰਪੰਚ



ਹਲਕਾ ਇੰਚਾਰਜ ਫਿਲੌਰ ਨੇ ਕਿਹਾ ਹੈ ਕਿ ਅਸੀਂ ਆਪ ਜੀ ਦੀ ਪੂਰੀ ਮੱਦਦ ਕਰਾਂਗੇ ਅਤੇ ਜਿੱਤਾਵਾ-ਗੇ, ਉਨ੍ਹਾਂ ਦੇ ਨਾਲ ਮਨਜੀਤ ਸਿੰਘ ਜੀਤਾ, ਰਜਨੀ ਬਾਲਾ ਅਤੇ ਹੋਰ ਵਰਕਰ ਹਾਜ਼ਰ ਸਨ ਆਪ ਜੀ ਨੂੰ ਖਹਿਰਾ ਜੋਨ ਤੋਂ ਬਲਾਕ ਸੰਮਤੀ ਦਾ ਟਿਕਟ ਦਿੱਤਾ ਹੈ। ਬਹੁਜਨ ਸਮਾਜ ਪਾਰਟੀ ਜਿੰਦਾਬਾਦ ਜਿੰਦਾਬਾਦ ਜਿੰਦਾਬਾਦ

# ਸਰੀਰ ਪ੍ਰਦਾਨੀ ਨਾਮਦੇਵ ਭੁਟਾਲ ਦੀ ਦੂਸਰੀ ਬਰਸੀ 7 ਦਿਸੰਬਰ ਨੂੰ ਭੁਟਾਲ ਕਲਾਂ ਵਿਖੇ

ਨਾਮਦੇਵ ਭੁਟਾਲ ਮਾਰਕਸਵਾਦੀ ਫਲਸਫੇ ਦਾ ਚਿੰਤਕ ਸੀ। ਲੈਨਿਨ ਤੇ ਮਾਓ ਜ਼ੇ ਤੁੰਗ ਦਾ ਪੈਰੋਕਾਰ। ਉਹ ਸਮਾਜ ਵਿਚ ਸ਼੍ਰੇਣੀ ਵੰਡ ਦੇ ਖਿਲਾਫ ਸੀ। ਉਹ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅੱਗੇ ਤੋਰਨ ਦਾ ਹਾਮੀ ਸੀ ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋਣ ਦਾ ਸੰਦੇਸ਼ ਦਿੱਤਾ ਗਿਆ ਸੀ। ਉਹ ਨਿਰੋਲ ਪੇਂਡੂ ਪਿਛੋਕੜ ਵਾਲਾ ਇਨਸਾਨ ਸੀ। ਤਾਹੀਓਂ ਤਾਂ ਉਹ ਖੇਤ ਖਲਿਆਨਾਂ ਦਾ ਪਹਿਰੇਦਾਰ ਵੀ ਸੀ। ਭਾਰਤੀ ਕਿਸਾਨ ਯੂਨੀਅਨ ਦੇ ਅੰਦੋਲਨਾਂ ਵਿੱਚ ਉਸ ਦੀ ਵਿਸ਼ੇਸ਼ ਸ਼ਮੂਲੀਅਤ ਹੁੰਦੀ ਸੀ।

ਨਾਮਦੇਵ ਭੁਟਾਲ ਦਾ ਜਨਮ ਜ਼ਿਲ੍ਹਾ ਸੰਗਰੂਰ ਤਹਿਸੀਲ ਲਹਿਰਾ ਦੇ ਪਿੰਡ ਭੁਟਾਲ ਕਲਾਂ ਵਿਖੇ 13-01-1953 ਨੂੰ ਮਾਤਾ ਧੰਨ ਕੌਰ ਤੇ ਪਿਤਾ ਸਾਧੂ ਸਿੰਘ ਦੇ ਘਰ ਹੋਇਆ। ਨਾਮਦੇਵ ਚਾਰ ਭਰਾਵਾਂ ਤੇ ਦੋ ਭੈਣਾਂ ਵਿੱਚੋਂ ਸਭ ਤੋਂ ਛੋਟਾ ਸੀ। ਉਸਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਆਪਣੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਜਮਾਤ ਦੀ ਪ੍ਰੀਖਿਆ ਉਸਨੇ ਸਾਲ 1970 ਵਿਚ ਸਰਕਾਰੀ ਹਾਈ ਸਕੂਲ ਲਹਿਰਾਗਾਗਾ ਤੋਂ ਪਾਸ ਕੀਤੀ। ਉਸਨੇ ਆਪਣੀ ਗ੍ਰੈਜੂਏਸ਼ਨ ਦੀ ਡਿਗਰੀ ਸਾਲ 1974 ਵਿਚ ਸਰਕਾਰੀ ਰਣਬੀਰ ਕਾਲਜ ਸੰਗਰੂਰ ਤੋਂ ਪ੍ਰਾਪਤ ਕੀਤੀ। ਐਮ ਏ ਇਕਨੋਮਿਕਸ ਦੀ ਡਿਗਰੀ ਡੇਹਰਾਦੂਨ ਗੜਵਾਲ ਯੂਨੀਵਰਸਿਟੀ ਤੋਂ ਸਾਲ 1975-76 ਵਿਚ ਪਾਸ ਕੀਤੀ।

ਕਾਲਜ ਦੀ ਪੜ੍ਹਾਈ ਸਮੇਂ ਤੋਂ ਹੀ ਨਾਮਦੇਵ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਜੁੜ ਕੇ ਵਿਦਿਆਰਥੀ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਿਆ ਸੀ। ਲੋਕ ਪੱਖੀ ਅਤੇ ਇਨਕਲਾਬੀ ਵਿਚਾਰਾਂ ਦੀ ਪਾਣ ਉਸ ਨੂੰ ਕਾਲਜ ਵੇਲੇ ਤੋਂ ਹੀ ਚੜ੍ਹ ਗਈ ਸੀ ਜਦੋਂ ਕਿਸਾਨ ਬਗਾਵਤ ਨੇ ਸਾਰੇ ਮੁਲਕ ਨੂੰ ਆਪਣੇ ਘੇਰੇ ਵਿੱਚ ਲੈ ਲਿਆ ਸੀ। ਐਮ ਏ ਦੀ ਪੜ੍ਹਾਈ ਕਰਨ ਤੋਂ ਬਾਅਦ ਪ੍ਰਪੱਕ ਵਿਚਾਰਾਂ ਦੀ ਰੌਸ਼ਨੀ ਵਿੱਚ ਪਿੰਡ ਅਤੇ ਇਲਾਕੇ ਵਿੱਚ ਨੌਜਵਾਨ ਭਾਰਤ ਸਭਾ ਦੀ ਉਸਾਰੀ ਸ਼ੁਰੂ ਕਰ ਦਿੱਤੀ। ਸਭਾ ਦੀ ਉਸਾਰੀ ਪਿੰਡ ਭੁਟਾਲ ਕਲਾਂ ਵਿਖੇ 10-12-1977 ਨੂੰ 40 ਮੈਂਬਰਾਂ ਦੀ ਮੀਟਿੰਗ ਤੋਂ ਸ਼ੁਰੂ ਕਰਕੇ ਸਮੁੱਚੇ ਲਹਿਰਾਗਾਗਾ ਸੁਨਾਮ ਇਲਾਕੇ ਦੀ ਲਾਮਬੰਦੀ ਕੀਤੀ ਗਈ। ਪੰਜਾਬ ਸਟੂਡੈਂਟਸ ਯੂਨੀਅਨ ਦੀ ਵਿਦਿਆਰਥੀ ਜਥੇਬੰਦੀ ਨੂੰ ਲਾਮਬੰਦ ਕਰਨ ਲਈ ਤਿੰਨ ਮੈਂਬਰੀ ਟੀਮ ( ਜਗਜੀਤ ਭੁਟਾਲ ਨਾਮਦੇਵ ਭੁਟਾਲ ਅਤੇ ਮੇਜਰ ਮੱਟਰਾਂ ) ਦੀ ਡਿਊਟੀ ਲਗਾਈ ਗਈ। ਸੰਗਰਾਮੀ ਘੋਲਾਂ ਦੌਰਾਨ ਇਲਾਕੇ ਦਾ ਨਾਮ ਸਮੁੱਚੇ ਪੰਜਾਬ ਦੀ



ਫਿਜ਼ਾਵਾਂ ਵਿੱਚ ਗੂੰਜਣ ਲੱਗਿਆ। ਮਿਸਾਲੀ ਘੋਲਾਂ ( ਪ੍ਰਿਥੀਪਾਲ ਰੰਧਾਵਾ ਘੋਲ 1979 ਬਸ ਕਿਰਾਇਆ ਘੋਲ 1980 ) ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਇਹਨਾਂ ਘੋਲਾਂ ਵਿਚ ਲੋਕਾਂ ਦੀ ਸ਼ਮੂਲੀਅਤ ਕਰਵਾਈ ਗਈ। ਨਾਮਦੇਵ ਭੁਟਾਲ ਅਤੇ ਸਾਥੀਆਂ ਦੀ ਬਦੌਲਤ ਇਹ ਇਲਾਕਾ ਪੰਜਾਬ ਚੋਂ ਪਹਿਲੇ ਨੰਬਰ ਤੇ ਆਇਆ। ਕਿਰਾਇਆ ਘੋਲ ਵੇਲੇ ਛਾਜਲੀ ਗੋਲੀ ਕਾਂਡ ਪ੍ਰਮੁੱਖ ਰਿਹਾ। ਨਾਮਦੇਵ ਭੁਟਾਲ ਜਗਜੀਤ ਭੁਟਾਲ ਸਮੇਤ ਨੌਂ ਬੰਦਿਆਂ ਤੇ ਝੂਠੇ ਪੁਲਿਸ ਮੁਕੱਦਮੇ ਦਰਜ ਕੀਤੇ ਗਏ ਅਤੇ ਤਿੰਨ ਸਾਲ ਚੱਲੇ ਇਹਨਾਂ ਝੂਠੇ ਪੁਲਿਸ ਮੁੱਕਦਮਿਆਂ ਵਿਚੋਂ ਬਾਇੱਜਤ ਬਰੀ ਹੋਏ।

ਉਸਦੇ ਜਿਗਰੀ ਦੋਸਤ ਜਗਜੀਤ ਭੁਟਾਲ ਨੇ ਕਿਹਾ ""ਨਾਮਦੇਵ ਮੇਰਾ ਬਚਪਨ ਦਾ ਦੋਸਤ ਸੀ। ਮੈਂ ਤੇ ਨਾਮਦੇਵ ਨੇ ਸਕੂਲ ਵਿੱਚ ਇਕੱਠਿਆਂ ਹੀ ਦਾਖਲਾ ਲਿਆ। ਇਕੱਠੇ ਹੀ ਖੇਡਦੇ ਇਕੱਠੇ ਹੀ ਪੜ੍ਹਦੇ। ਉਦੋਂ ਹੀ ਸਾਡੀ ਗਹਿਰੀ ਦੋਸਤੀ ਬਣ ਗਈ ਸੀ। ਜੇਠ ਹਾੜ ਦੀਆਂ ਤਪਦੀਆਂ ਧੁੱਪਾਂ ਦਾ ਸੇਕ ਵੀ ਇਕੱਠਿਆਂ ਝੱਲਿਆ ਤੇ ਪੋਹ ਮਾਘ ਦੀਆਂ ਰਾਤਾਂ ਦੀ ਬਰਫੀਲੀ ਠੰਢ ਵੀ। ਸਾਡਾ ਪੱਕਾ ਯਾਰਾਨਾ ਸੀ ਧੁੱਪ ਮੇਰੇ ਤੇ ਪੈਂਦੀ ਸੀ ਪਰਛਾਵਾਂ ਉਸਦਾ ਦਿਖਾਈ ਦਿੰਦਾ ਸੀ। ਜ਼ਿੰਦਗੀ ਦੀਆਂ 64 ਰੁੱਤਾਂ ਤੇ ਬਹਾਰਾਂ ਦਾ ਅਸੀਂ ਇਕੱਠਿਆਂ ਨਿੱਘ ਮਾਣਿਆ ਪਰ ਇਸ ਵਾਰ ਇਹ ਰੁੱਤ ਪਤਝੜ ਲੈ ਕੇ ਆਵੇਗੀ ਇਸ ਦਾ ਚਿੱਤ ਚੇਤਾ ਵੀ ਨਹੀਂ ਸੀ। ਮੇਰੇ ਨੈਣਾਂ ਦਾ ਸਤਲੁਜ ਮੇਰੇ ਹਾਸਿਆਂ ਤੇ ਹੌਕਿਆਂ ਨੂੰ ਸੈਲਾਬ ਦੀ ਤਰ੍ਹਾਂ ਵਹਾ ਕੇ ਲੈ ਗਿਆ।ਨਾਮਦੇਵ ਭੁਟਾਲ ਮੇਰੇ ਦਰਦਾਂ ਦੀ ਮੱਲ੍ਹਮ ਸੀ। ਉਸਦੀ ਮੌਤ ਨੇ ਮੈਨੂੰ ਡੂੰਘਾ ਦਰਦ ਦਿੱਤਾ। ਇਹ ਜ਼ਖ਼ਮ ਜਲਦੀ ਕੀਤਿਆਂ ਭਰਨ ਵਾਲੇ ਨਹੀਂ। ਇਹ ਫੱਟ ਕਿਸੇ ਨੂੰ ਦਿਖਦੇ ਤਾਂ ਨਹੀਂ ਪਰ ਦੁਖਦੇ ਬਹੁਤ ਹਨ। ਉਹ ਮੇਰੇ ਹਰ ਸੁੱਖ ਦੁੱਖ ਵਿਚ ਸ਼ਰੀਕ ਹੁੰਦਾ ਸੀ। ਉਹ ਮੇਰੇ ਦਿਲ ਦੀਆਂ ਰਮਜਾਂ ਨੂੰ ਪਛਾਣਦਾ ਸੀ। ਮੇਰੇ ਆਉਂਦੇ ਜਾਂਦੇ ਸਾਹਾਂ ਦੀ ਗਿਣਤੀ ਨੂੰ ਜਾਣਦਾ ਸੀ। ਉਹ ਗਹਿਰਾਈ ਨਾਲ ਮੇਰੇ ਮਨ ਨੂੰ ਵੀ ਸਮਝਦਾ ਸੀ ਤੇ ਮੇਰੇ ਮੌਨ ਨੂੰ ਵੀ। ਉਹ ਮੇਰੀ ਰੂਹ ਦਾ ਰਾਜ਼ਦਾਰ ਸੀ। ਐਸੇ ਕਦਰਦਾਨ ਦੋਸਤ ਬੜੀ ਕਿਸਮਤ ਨਾਲ ਮਿਲਦੇ ਹਨ। ਨਾਮਦੇਵ ਦੀ ਮੌਤ ਤੋਂ ਬਾਅਦ ਮੇਰੀ ਰੂਹ ਦੁਹੱਥੜੇ ਮਾਰ ਕੇ ਰੋਈ। ਪਰ ਜਿੰਨਾਂ ਰਾਹਾਂ ਤੇ ਉਹ ਤੁਰ ਗਿਆ ਉਹਨਾਂ ਰਾਹਾਂ ਦਾ ਕੋਈ ਸਿਰਨਾਵਾਂ ਨਹੀਂ,ਜਿਵੇਂ ਅੰਬਰੋਂ ਟੁੱਟੇ ਤਾਰੇ ਕੋਈ ਟਿਕ-ਾਣਾ ਨਹੀਂ ਹੁੰਦਾ।"

ਨਾਮਦੇਵ ਭੁਟਾਲ ਪ੍ਰਾਇਮਰੀ ਪੱਧਰ ਤੋਂ ਲੈ ਕੇ ਕਾਲਜ ਪੱਧਰ ਤੱਕ ਕਬੱਡੀ ਦਾ ਵਧੀਆ ਖਿਡਾਰੀ ਰਿਹਾ। ਉਹਨਾਂ ਦਾ ਵਿਆਹ ਪਿੰਡ ਪੂਹਲੇ ਦੀ ਧੀ ਜਸਵੰਤ ਕੌਰ ਨਾਲ 16 ਜੂਨ 1985 ਨੂੰ ਬਿਨਾਂ ਦਾਜ ਦਹੇਜ ਦੇ ਹੋਇਆ। ਉਹਨਾਂ ਨੇ ਸਹਿਕਾਰੀ ਮਹਿਕਮੇ ਵਿਚ 32 ਸਾਲ ਨੌਕਰੀ ਕੀਤੀ। ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਉਂਦਿਆਂ 31-01-2013 ਨੂੰ ਪਿੰਡ ਡੂਡੀਆਂ ਦੀ ਸੋਸਾਇਟੀ ਵੱਲੋਂ ਵਿਦਾਇਗੀ ਲਈ। ਸਹਿਕਾਰੀ ਲਹਿਰ ਵਿਚਲੇ ਸੰਘਰਸ਼ਾਂ ਦੌਰਾਨ ਵੀ ਉਹਨਾਂ ਦਾ ਵੱਡਮੁੱਲਾ ਯੋਗਦਾਨ ਰਿਹਾ। ਨਾਮਦੇਵ ਭੁਟਾਲ ਇੱਕ ਦਹਾਕੇ ਤੋਂ ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਦੇ ਪ੍ਰਧਾਨ ਵਜੋਂ ਅਤੇ ਲੋਕ ਚੇਤਨਾ ਮੰਚ ਲਹਿਰਾਗਾਗਾ ਦੇ ਪ੍ਰਮੁੱਖ ਅਹੁਦੇਦਾਰ ਵਜੋਂ ਕੰਮ ਕਰ ਰਹੇ ਸਨ। ਨਾਮਦੇਵ ਭੁਟਾਲ ਵਿਗਿਆਨਕ ਸੋਚ ਨਾਲ ਜੁੜੇ ਹੋਏ ਇਨਸਾਨ ਸਨ। ਉਹਨਾਂ ਨੇ ਜਿਉਂਦੇ ਜੀਅ ਆਪਣਾ ਜੀਵਨ ਲੋਕਾਂ ਲੇਖੇ ਲਾਇਆ ਤੇ ਮਰਨ ਉਪਰੰਤ ਸਰੀਰ ਪ੍ਰਦਾਨ ਕਰਕੇ ਮੈਡੀਕਲ ਖੋਜਾਂ ਕਾਰਜਾਂ ਦੇ ਲੇਖੇ। ਨਾਮਦੇਵ ਭੁਟਾਲ ਕਲਾਂ ਦੀ ਦੂਸਰੀ ਬਰਸੀ 7 ਦਿਸੰਬਰ ਨੂੰ ਪਿੰਡ ਭੁਟਾਲ ਕਲਾਂ ਕ੍ਰਿਸ਼ਨ ਦੇਵ ਯਾਦਗਾਰੀ ਪੈਲੇਸ ਭੁਟਾਲ ਕਲਾਂ ਵਿਖੇ ਮਨਾਈ ਜਾਵੇਗੀ।

**ਰਿਪੋਰਟਰ**
**ਸਨੀ ਸੇਖੂਵਾਸ**

**ਰਾਹੀਂ -**
**ਮਾਸਟਰ ਪਰਮਵੇਦ**
**ਜ਼ੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# "ਸਾਦੇ ਵਿਆਹ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ"

ਸਫ਼ਰ ਦੌਰਾਨ ਅਕਸਰ ਗੱਡੀਆਂ ਦੇ ਪਿੱਛੇ ਲਿਖੀਆਂ ਸਤਰਾਂ ਮਨ ਨੂੰ ਹੱਸਾਉਂਦੀਆਂ ਵੀ ਹਨ ਅਤੇ ਕਈ ਵਾਰ ਜੀਵਨ ਦੀ ਗਹਿਰੀ ਸੱਚਾਈਆਂ ਵੱਲ ਧਿਆਨ ਵੀ ਦਿਵਾਉਂਦੀਆਂ ਹਨ। ਹਾਲ ਹੀ ਵਿੱਚ ਇੱਕ ਬੱਸ ਤੇ ਲਿਖੀ ਲਾਈਨ — "ਸਾਦੇ ਵਿਆਹ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ" — ਨੇ ਮੇਰੇ ਮਨ ਨੂੰ ਉਸ ਦਿਸ਼ਾ ਵੱਲ ਮੋੜ ਦਿੱਤਾ ਜਿੱਥੇ ਅੱਜਕਲ ਵਿਆਹਾਂ ਅਤੇ ਹੋਰ ਪ੍ਰੋਗਰਾਮ ਦੇ ਨਾਮ 'ਤੇ ਕੀਤੇ ਜਾਣ ਵਾਲੇ ਬੇਲੋੜੇ ਖਰਚੇ ਖੜ੍ਹੇ ਹਨ। ਦਿਖਾਵੇ ਦੀ ਦੌੜ ਵਿੱਚ ਕਈ ਪਰਿਵਾਰ ਆਪਣੀ ਹੈਸੀਅਤ ਤੋਂ ਵੱਧ ਖਰਚ ਕਰਦੇ ਹਨ। ਕੁੱਝ ਲੋਕ ਕਈ ਵਾਰ ਕਰਜ਼ੇ ਤੱਕ ਲੈ ਲੈਂਦੇ ਹਨ, ਅਤੇ ਫਿਰ ਸਾਲਾਂ ਤੱਕ ਉਸ ਕਰਜ਼ੇ ਦੇ ਬੋਝ ਹੇਠ ਦੱਬੇ ਰਹਿੰਦੇ ਹਨ।

ਵਿਆਹ, ਜੋ ਖੁਸ਼ੀ ਦਾ ਇੱਕ ਸਧਾਰਣ ਸਮਾਂ ਹੋਣਾ ਚਾਹੀਦਾ ਹੈ, ਅਕਸਰ ਸ਼ਾਨੋ ਸ਼ੌਕਤ ਦੇ ਦਿਖਾਵੇ ਨੇ ਉਸਨੂੰ ਆਰਥਿਕ ਚਿੰਤਾ ਦੇ ਰੋਗ ਵਿੱਚ ਬਦਲ ਦਿੱਤਾ ਹੈ। ਇਸਦੇ ਉਲਟ, ਸਾਦੇ ਵਿਆਹ ਆਰਥਿਕ ਬੱਚਤ ਦੇ ਨਾਲ-ਨਾਲ ਮਨ ਦੀ ਸ਼ਾਂਤੀ ਵੀ ਦਿੰਦੇ ਹਨ, ਕਿਉਂਕਿ ਇਨ੍ਹਾਂ ਵਿੱਚ ਦਿਖਾਵਾ ਨਹੀਂ, ਸਗੋਂ ਰਿਸ਼ਤਿਆਂ ਦੀ ਸੱਚੀ ਖੁਸ਼ੀ ਹੁੰਦੀ ਹੈ। ਸਮਾਜ ਲਈ ਵੀ ਇਹੋ ਰਸਤਾ ਵਧੀਆ ਹੈ ਕਿ ਅਸੀਂ ਰਸਮਾਂ ਦੀ ਅਸਲ ਭਾਵਨਾ ਨੂੰ ਸਮਝੀਏ ਅਤੇ ਦਿਖਾਵੇ ਦੀ ਲਗਾਤਾਰ ਦੌੜ ਤੋਂ ਜਿਨ੍ਹਾਂ ਹੋ ਸਕਦਾ ਬਚੀਏ।ਸੋ ਕਈ ਵਾਰ ਇੱਕ ਸਧਾਰਣ ਲਾਈਨ ਵੀ ਸਾਨੂੰ ਸਹੀ ਦਿਸ਼ਾ ਵਿੱਚ ਸੋਚਣ ਲਈ ਪ੍ਰੇਰਨਾ ਦੇ ਸਕਦੀ ਹੈ।



**ਪਵਨ ਕੁਮਾਰ ਅੱਤਰੀ**
**ਅਧਿਆਪਕ**
**(ਕਪੂਰਥਲਾ)**
**8427791277**

# ਅਸ਼ੋਕਾ ਬੁੱਧ ਵਿਹਾਰ ਨਕੋਦਰ ਵਿਖੇ ਪੂਰਨਮਾ ਦਾ ਦਿਵਸ਼ ਸਰਧਾ ਪੂਰਵਕ ਮਨਾਇਆ ਗਿਆ – ਰਾਜ ਕੁਮਾਰ ਬੋਧ

**ਨਕੋਦਰ–** ਮਿਤੀ 04-12-2025 ਨੂੰ ਬੁੱਧ ਉਪਾਸਕਾਂ ਵਲੋਂ ਅਸ਼ੋਕਾ ਬੁੱਧ ਵਿਹਾਰ ਨਕੋਦਰ ਵਿਖੇ ਬਹੁਤ ਹੀ ਸਰਧਾ ਪੂਰਵਕ ਪੂਰਨਮਾ ਦਿਵਸ਼ ਮਨਾਇਆ ਗਿਆ, ਜੋ ਕਿ ਬੋਧ ਉਪਸਕਾਂ ਲਈ ਬਹੁਤ ਹੀ ਉੱਤਮ ਦਿਨ ਵਜੋ ਮਨਾਇਆ ਜਾਂਦਾ ਹੈ।

ਇਸ ਦਿਨ ਚੰਦਰਮਾ ਦਾ ਪੂਰਾ ਪ੍ਰਕਾਸ਼ ਧਰਤੀ ਤੇ ਪੈਂਦਾ ਹੈ ਅਤੇ ਧਰਤੀ ਉਪਰ ਰਾਤ ਨੂੰ ਵੀ ਪ੍ਰਕਾਸ਼ ਰਹਿੰਦਾ ਹੈ।ਤਥਾਗਤ ਬੁੱਧ ਦੀ ਸਿਖਿਆ ਹਨੇਰੇ ਤੋਂ ਪ੍ਰਕਾਸ਼ ਵੱਲ ਲੈ ਕੇ ਜਾਣ ਵਾਲੀ ਹੈ ਭਾਵ ਕਿ ਅਗਿਆਨ ਤੋਂ ਗਿਆਨ ਵੱਲ ਨੂੰ ਜਾਣ ਵਾਲੀ ਸਿੱਖਿਆ।

ਭੰਤੇ ਸੁਮਿਤਾ ਜੀ ਨੇ ਘਰ ਘਰ ਜਾ ਕੇ ਬੁੱਧ ਵਿਹਾਰ ਵਿੱਚ ਪੂਰਨਮਾ ਮਨਾਉਣ ਲਈ ਸਭ ਉਪਾਸਕਾਂ ਨੂੰ ਬੇਨਤੀ ਕੀਤੀ ਤਾਂ ਜੋ ਉਹ ਬਾਬਾ ਸਾਹਿਬ ਜੀ ਦੇ ਮਾਰਗ ਤੇ ਚੱਲ ਸਕਣ।

ਤ੍ਰਿਸਰਣ ਅਤੇ ਪੰਜਸੀਲ ਤੌ ਬਾਅਦ ਭੰਤੇ ਜੀ ਨੇ ਧੰਮ ਉਪਦੇਸ਼ ਦਿੱਤੇ ਅਤੇ ਬਾਅਦ ਵਿੱਚ ਰਮੇਸ਼ ਰੱਤੂ ਜੀ ਵਲੋ ਇਸ ਪੂਰਨਮਾ ਦਾ ਇਤਿਹਾਸ ਸਮਝਾਇਆ ਗਿਆ।

ਰਾਜ ਕੁਮਾਰ ਬੋਧ ਜੀ ਵਲੌ ਵੀ ਉਪਾਸਕਾਂ ਨੂੰ ਪੂਰਨਮਾ ਦੇ ਦਿਨ ਤੇ ਮੰਗਲ ਕਾਮਨਾਵਾਂ ਦਿੱਤੀਆ ਗਈਆ ਅਤੇ 20 ਦਿਸੰਬਰ ਤੋਂ ਅਸ਼ੋਕਾ ਬੁੱਧ ਵਿਹਾਰ ਵਿਖੇ ਲੱਗ ਰਹੇਂ ਸ਼ਰਾਮਨੇਰ ਸਿਵਰ ਵਾਰੇ ਸੂਚਨਾ ਦਿੱਤੀ ਅਤੇ ਸਭ ਨੂੰ ਇਸ ਸ਼ਿਵਰ ਤੌ ਪੁੰਨ ਪ੍ਰਾਪਤ ਕਰਨ ਲਈ ਬੇਨਤੀ ਕੀਤੀ।

ਧੰਮ ਚਰਚਾ ਤੋਂ ਬਾਅਦ ਸਭ ਉਪਾਸਕਾਂ ਨੂੰ ਖੀਰ ਦਾ ਲੰਗਰ ਵਰਤਾਇਆ ਗਿਆ। ਸਭ ਲਈ ਮੰਗਲ ਕਾਮਨਾਵਾਂ ਕੀਤੀਆ ਗਈਆ। ਜੈ ਭੀਮ ਨਮੋ ਬੁਧਾਏ

**ਰਾਜ ਕੁਮਾਰ ਬੋਧ**
**ਪ੍ਰਧਾਨ ਵਿਸ਼ਵ ਬੋਧ ਸੰਘ ਪੰਜਾਬ(ਰਜਿ)**










# ਦਾਜ ਦੀ ਲਾਹਨਤ ਕਦੋਂ ਖਤਮ ਹੋਏਗੀ?

ਇਸ ਤਰਾਂ ਲੱਗ ਰਿਹਾ ਹੈ ਕਿ ਦਾਜ ਪ੍ਰਥਾ ਸਾਡੇ ਸਮਾਜ ਦੇ ਅੰਦਰ ਬਹੁਤ ਗਹਿਰਾਈ ਨਾਲ ਆਪਣੀਆਂ ਜੜਾਂ ਬਣਾਈ ਬੈਠੀ ਹੈ।ਕਈ ਨਿਯਮਾਂ ਅਤੇ ਕਨੂੰਨਾਂ ਦੇ ਬਾਵਜੂਦ ਇਹ ਬੁਰਾਈ ਪ੍ਰਥਾ ਪੂਰੀ ਤਰਾਂ ਫੈਲੀ ਹੋਈ ਹੈ।ਹਾਲ ਹੀ ਵਿੱਚ ਇਕ ਵਿਆਹੁਤਾ ਔਰਤ ਦੀ ਅੱਗ ਲੱਗਣ ਨਾਲ ਮੌਤ ਹੋ ਗਈ,ਜਿਸ ਦੇ ਬਾਰੇ ਵਿੱਚ ਜਾਂਚ ਪੜਤਾਲ ਚੱਲ ਰਹੀ ਹੈ,ਇਸ ਤਰਾਂ ਦੇ ਕੇਸ ਹੋਰ ਵੀ ਬਹੁਤ ਸਾਰੇ ਹਨ,ਪਰ ਦਾਜ ਪ੍ਰਥਾ ਅੱਜ ਵੀ ਜਿਉਂ ਦੀ ਤਿਉਂ ਚੱਲ ਰਹੀ ਹੈ ਅਤੇ ਔਰਤਾਂ ਦੀਆਂ ਜਾਨਾਂ ਅੱਜ ਵੀ ਉਸੇ ਤਰਾਂ ਹੀ ਜਾ ਰਹੀਆਂ ਹਨ।ਦਾਜ ਦੇ ਨਾਲ ਸਬੰਧਤ ਕਤਲ ਅਤੇ ਪਰੇਸ਼ਾਨੀ ਦੀਆਂ ਘਟਨਾਵਾਂ ਇਕ ਗੁੰਝਲਦਾਰ ਸਮਾਜਿਕ ਢਾਂਚੇ ਦਾ ਹਿੱਸਾ ਹਨ।ਜੋ ਇਕ ਪਰੰਪਰਾ ਹੈ ਜੋ ਔਰਤਾਂ ਮਰਦਾ ਦੇ ਬਰਾਬਰਾ ਦਾ ਹੱਕ ਲੈਣ ਦੀ ਅਵਾਜ ਉਠਾਉਦੀਆਂ ਹਨ, ਵਿਚਾਰ ਕਰਨ ਤੇ ਪਤਾ ਚੱਲਦਾ ਹੈ ਕਿ ਇਹ ਸਿਰਫ਼ ਕਾਗਜ਼ ਵਿੱਚ ਹੀ ਹੈ ਨਾ ਕਿ ਪੁਲਿਸ ਦਾ ਮਾਮਲਾ ਹੈ।ਇਹ ਸਗੋਂ ਪੂਰੇ ਸਮਾਜ ਦੀ ਸੋਚ ਅਤੇ ਪ੍ਰਣਾਲੀ ਨਾਲ ਸਬੰਧਤ ਇਕ ਸਵਾਲ ਵੀ ਹੈ।ਇਹਦੇ ਵਿੱਚ ਸਾਡੀ ਸਾਰਿਆਂ ਦੀ ਡਿਉਟੀ ਬਣਦੀ ਹੈ ਕਿ ਅਸੀ ਆਪਣੀਆਂ ਜਿੰਮੇਵਾਰੀਆਂ ਨੂੰ ਸਹੀ ਢੰਗ ਅਤੇ ਜਿੰਮੇਵਾਰੀ ਨਾਲ ਨਿਭਾਈਏ।

ਨੈਸ਼ਨਲ ਕ੍ਰਾਇਮ ਰਿਕਾਰਡ ਬਿਊਰੋ ਦੇ ਅਨੁਸਾਰ ਸਾਲ 2022 ਵਿੱਚ ਦਾਜ ਦੇ ਕਾਰਨ ਹੋਣ ਵਾਲੀਆਂ ਮੌਤਾਂ ਦੇ 6000 ਤੋਂ ਵੱਧ ਮਾਮਲੇ ਦਰਜ ਕੀਤੇ ਗਏ ਸਨ।ਇਹ ਗਿਣਤੀ ਕਈ ਸਾਲਾਂ ਤੋਂ ਏਸੇ ਤਰਾਂ ਹੀ ਸਥਿਰ ਹੈ।ਸਾਲ 2007 ਤੋਂ ਸਾਲ 2022 ਵਿੱਚਕਾਰ ਹਰ ਸਾਲ ਔਸਤਨ 7000 ਮਾਮਲੇ ਦਰਜ ਕੀਤੇ ਗਏ ਸਨ।ਇਹ ਗਿਣਤੀ ਉਹ ਹੈ ਜੋ ਪੁਲਿਸ ਤੱਕ ਪਹੁੰਚ ਕਰ ਸਕੀ ਹੈ ਜਿਹੜੇ ਨਹੀ ਪਹੁੰਚ ਸਕੇ ਉਹ ਅਲੱਗ ਹਨ।ਸਮਾਜਿਕ ਦੇ ਦਬਾਅ ਹੇਠ ਅਤੇ ਪਰਿਵਾਰਕ ਸਮਝੌਤਿਆ ਦੇ ਕਾਰਨ ਬਹੁਤ ਸਾਰੇ ਮਾਮਲੇ ਦਰਜ ਨਹੀ ਕੀਤੇ ਗਏ।ਔਰਤਾਂ ਤੇ ਵਿਰੁਧ ਅਤਿਆਚਾਰ ਦੀ ਕੁੱਲ ਗਿਣਤੀ ਬਹੁਤ ਹੀ ਹੈਰਾਨੀਜਨਕ ਹੈ।ਸਾਲ 2022 ਵਿੱਚ ਦੇਸ਼ ਭਰ ਵਿੱਚ 4 ਲੱਖ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਸਨ।ਉਤਰ ਪ੍ਰਦੇਸ਼,ਬਿਹਾਰ ਅਤੇ ਮੱਧ ਪ੍ਰਦੇਸ਼ ਵਰਗੇ ਰਾਜ ਦਾਜ ਨਾਲ ਹੋਣ ਵਾਲੀਆਂ ਮੌਤਾਂ ਦੀ ਸੂਚੀ ਵਿੱਚ ਸੱਭ ਤੋਂ ਉਪਰ ਹਨ।ਇਹਨਾਂ ਅੰਕੜਿਆਂ ਵਿੱਚ ਸਿਰਫ਼ ਦਾਜ ਨਾਲ ਹੋਈਆਂ ਮੌਤਾਂ ਦਾ ਹੀ ਹੈ।ਪ੍ਰੇਸ਼ਾਨੀ ਅਤੇ ਮਨੋਵਿਗਿਆਨਕ ਹਿੱਸਾਂ ਮਾਮਲੇ ਇਹਨਾਂ ਤੋਂ ਕਿਤੇ ਵੱਧ ਹਨ।ਜੋ ਕਿ ਇਹਨਾਂ ਅੰਕੜਿਆਂ ਵਿੱਚ ਸ਼ਾਮਲ ਨਹੀ ਹਨ। ਭਾਰਤ ਵਿੱਚ ਦਾਜ ਨੂੰ ਅਪਰਾਧ ਮੰਨਿਆ ਗਿਆ ਛੇ ਦਹਾਕੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ।ਪਰ ਇਹ ਐਕਟ ਅਜੇ ਪੂਰੀ ਤਰਾਂ ਨਾਲ ਲਾਗੂ ਨਹੀ ਹੋ ਸਕਿਆ,ਦਾਜ ਮਨ੍ਹਾਹੀ ਐਕਟ,1961,ਦਾਜ ਲੈਣ,ਜਾਂ ਮੰਗਣ ਤੇ ਪਾਬੰਧੀ ਲਗਾਉਦਾ ਹੈ।ਹਾਲ ਹੀ ਵਿੱਚ ਲਾਗੂ ਕੀਤੇ ਗਏ ਨਵੇ ਭਾਰਤੀ ਕਨੂੰਨ ਨੂੰ ਲੱਗਭਗ ਉਸੇ ਤਹਿਤ ਹੀ ਲਾਗੂ ਕੀਤਾ ਗਿਆ ਹੈ।ਦਾਜ ਦੇ ਮਾਮਲਿਆਂ ਵਿੱਚ ਕਨੂੰਨ ਦੇ ਮੁਤਾਬਿਕ ਘੱਟੋ-ਘੱਟ 7 ਸਾਲ ਦੀ ਸਜਾ ਅਤੇ ਜਿਆਦਾ ਤੋਂ ਜਿਆਦਾ ਉਮਰ ਭਰ ਦੀ ਸਜਾ ਹੋ ਸਕਦੀ ਹੈ।ਪਰ ਅਸਲ ਵਿੱਚ ਵਿੱਚ ਇਹ ਸਥਿਤੀ ਨਹੀ ਹੈ,ਦਿਲੀ ਅਤੇ ਬਗਲੌਰ ਵਿੱਚ ਇਹ ਸਜਾ ਨਾਮਾਤਰ ਹੀ ਰਹਿ ਗਈ ਹੈ।ਇਹ ਇਸ ਲਈ ਕਿ ਦਾਜ ਦੇ ਮਾਮਲੇ ਬਹੁਤ ਝੂਠੇ ਹੋਣ ਲੱਗ ਗਏ ਹਨ।ਕਿਉਕਿ ਇਹਨਾਂ ਕੇਸਾਂ ਵਿੱਚ ਪੁਲਿਸ ਵਾਲਿਆਂ ਕੋਲੋ ਸਬੂਤ ਹੀ ਇਕੱਠੇ ਨਹੀ ਹੁੰਦੇ ਅਤੇ ਨਾ ਹੀ ਗਵਾਹ ਸਮੇ ਦੇ ਅਨੁਸਾਰ ਗਵਾਹੀ ਦੇਣ ਆਉਦੇ ਹਨ ਇਹਦੇ ਨਾਲ ਕੇਸ ਕਮਜੋਰ ਹੋ ਜਾਂਦਾ ਹੈ।ਇਕ ਸਮੇਂ ਤੇ ਇਸ ਤਰਾਂ ਦੇ ਕੇਸ ਇਕਤਰਫ਼ਾ ਕੇਸ ਹੋਣ ਕਰਕੇ ਇਹ ਕੇਸ ਖਤਮ ਹੋ ਜਾਂਦੇ ਹਨ।ਦਾਜ ਦੇ ਨਾਲ ਸਬੰਧਤ ਘਟਨਾਵਾਂ ਅਕਸਰ ਘਰਾਂ ਦੇ ਅੰਦਰ ਵਾਪਰਦੀਆਂ ਹੀ ਰਹਿੰਦੀਆਂ ਹਨ ਅਤੇ ਗਵਾਹ ਵੀ ਅਕਸਰ ਘਰ ਦੇ ਹੀ ਮੈਬਰ ਹੁੰਦੇ ਹਨ।ਪੀੜਤ ਦੀ ਮੌਤ ਤੋਂ ਬਾਅਦ ਉਹੀ ਪਰਿਵਾਰ ਅਕਸਰ ਸਮਾਜਿਕ ਅਤੇ ਗਵਾਹੀ ਨਾ ਦੇਣ ਤੋਂ ਪਹਿਲਾਂ ਹੀ ਸਮਝੌਤਾ ਕਰਨ ਦੇ ਦਬਾਅ ਥੱਲੇ ਆ ਜਾਂਦੇ ਹਨ।ਗਵਾਹ ਅਦਾਲਤ ਵਿੱਚ ਗਵਾਹੀ ਨਾ ਦੇਣ ਤਾਂ ਇਸ ਤਰਾਂ ਦੇ ਕੇਸ ਕਮਜੋਰ ਪੈ ਜਾਂਦੇ ਹਨ।ਕੇਸ ਬਿੰਨਾਂ ਕੁਝ ਬਣੇ ਖਤਮ ਹੋਣ ਦੇ ਜਿਆਦਾਤਰ ਕਾਰਨ ਇਹੀ ਬਣਦੇ ਹਨ।ਕਈ ਮਾਹਰਾਂ ਦੇ ਬਿਆਨਾਂ ਤੋਂ ਪਤਾ ਚੱਲਦਾ ਹੈ ਕਿ ਵੀਹਵੀ ਸਦੀ ਤੋਂ ਲੈ ਕੇ ਇਕਵੀ ਸਦੀ ਤੱਕ ਦਾਜ ਦੇ ਕੇਸਾਂ ਵਿੱਚ ਬਹੁਤ ਜਿਆਦਾ ਵਾਧਾ ਹੋਇਆ ਹੈ।ਸ਼ਹਿਰਾਂ ਨਾਲੋ ਪਿੰਡਾਂ ਵਿੱਚ 95% ਜਿਆਦਾ ਦਾਜ ਦੇਣ ਦੇ ਮਾਮਲੇ ਸਾਹਮਣੇ ਆਏ ਹਨ, ਇਸ ਕਰਕੇ ਹੀ ਇਹਨਾਂ ਕੇਸਾਂ ਦੀ ਗਿਣਤੀ ਸ਼ਹਿਰਾਂ ਨਾਲੋ ਪਿੰਡਾਂ ਵਿੱਚ ਜਿਆਦਾ ਪਾਈ ਗਈ ਹੈ।ਇਹ ਦਾਜ ਪ੍ਰਥਾ ਔਰਤਾਂ ਨੂੰ ਬਹੁਤ ਪ੍ਰੇਸ਼ਾਨ ਕਰਦੀ ਹੈ,ਕਿਉਕਿ ਪਰਿਵਾਰਾਂ ਨੂੰ ਵਿਤੀ ਤੌਰ ‘ਤੇ ਵਿਆਹ ਲਈ ਮਜਬੂਰ ਕੀਤਾ ਜਾਂਦਾ ਹੈ,ਇਸੇ ਕਰਕੇ ਹੀ ਔਰਤਾਂ ਨੂੰ ਬਾਅਦ ਵਿੱਚ ਪ੍ਰੇਸ਼ਾਨੀ ਦੇ ਖਤਰੇ ਦਾ ਸਾਹਮਣਾ ਕਰਨਾ ਪੈਦਾ ਹੈ।

ਕੁਝ ਸੂਬਿਆਂ ਨੇ ਦਾਜ ਮਨ੍ਹਾਹੀ ਐਕਟ ਵਿੱਚ ਸੋਧ ਕਰਨ ਦੀ ਕੋਸ਼ਿਸ਼ ਕੀਤੀ ਹੈ।ਉਦਾਹਰਣ ਵਜੋਂ,ਕੇਰਲ ਵਲੋਂ ਹਾਲ ਹੀ ਵਿੱਚ ਇਕ ਪ੍ਰਸਤਾਵ ਰੱਖਿਆ ਹੈ ਕਿ ਦਾਜ ਦੇਣਾ ਅਪਰਾਧ ਨਹੀ ਹੋਣਾ ਚਾਹੀਦਾ,ਸਿਰਫ਼ ਉਨਾਂ ਲੋਕਾਂ ਨੂੰ ਸਖਤ ਸਜਾ ਦੇਣੀ ਚਾਹੀਦੀ ਹੈ ਕਿ ਜੋ ਦਾਜ ਮੰਗਦੇ ਹਨ ਅਤੇ ਪ੍ਰਾਪਤ ਕਰਦੇ ਹਨ।ਦਲੀਲ ਇਹ ਹੈ ਕਿ ਦੇਣ ਵਾਲੇ ਅਕਸਰ ਹੀ ਦਬਾਅ ਹੇਠ ਹੁੰਦੇ ਹਨ ਅਤੇ ਕਾਨੂੰਨੀ ਜਾਂਚ ਦੇ ਆਧੀਨ ਵੀ ਹੁੰਦੇ ਹਨ।ਜੇਕਰ ਦੇਣ ਵਾਲਿਆਂ ਤੋਂ ਬੋਝ ਹਟਾ ਦਿੱਤਾ ਜਾਂਦਾ ਹੈ ਤਾਂ ਉਹ ਪੁਲਿਸ ਕੋਲ ਜਾਣ ਵਿੱਚ ਵਧੇਰੇ ਹਿੰਮਤ ਮਹਿਸੂਸ ਕਰਦੇ ਹਨ।ਹਾਲਾਂਕਿ ਇਸ ਦੇ ਬਾਰੇ ਵਿੱਚ ਵੀ ਬਹਿਸ ਹੋ ਰਹੀ ਹੈ,ਜਿਸ ਨਾਲ ਤੋਹਫ਼ੇ ਦੀ ਆੜ ਵਿੱਚ ਕਾਨੂੰਨੀ ਮਾਨਤਾ ਮਿਲ ਸਕਦੀ ਹੈ।ਇਸ ਤਰਾਂ ਗੱਲਾਂ ਬਹੁਤ ਸਾਰੇ ਕਾਨੂੰਨੀ ਮ੍ਹਾਹਰ ਹੀ ਲੈ ਕੇ ਆਉਦੇ ਹਨ,ਜਿੰਨਾ ਕਰਕੇ ਅਦਾਲਤਾਂ ਵੀ ਬੇਬੱਸ ਹੋ ਜਾਂਦੀਆਂ ਹਨ। ਇਸ ਦਾ ਹੱਲ ਸਿਰਫ਼ ਸਖਤ ਕਾਨੂੰਨ ਬਣਾਉਣ ਵਿੱਚ ਹੀ ਨਹੀ ਹੈ।ਦਾਜ ਵਿੱਚ ਮੌਤ ਦਾ ਕਾਰਨ ਸਹੀ ਜਾਨਣ ਲਈ ਇਕ ਵਿਸੇਸ਼ ਕਾਨੂੰਨੀ ਸਖਤ ਕਮੇਟੀ ਦੀ ਜਰੂਰਤ ਹੋਣੀ ਚਾਹੀਦੀ ਹੈ।ਜਿਸ ਇਹ ਜਾਂਚਿਆ ਜਾਵੇ ਕਿ ਅਸਲ ਸੱਚਾਈ ਕੀ ਹੈ।ਸਮੇ ਸਿਰ ਪੋਸਟਮਾਟਮ ਰਿਪੋਰਟਸ ਇਕੱਠੀਆਂ ਕਰ ਕੇ ਗਵਾਹੀਆਂ ਹੋਣੀਆਂ ਚਾਹੀਦੀਆਂ ਹਨ।ਪੁਲਿਸ ਅਤੇ ਇਸਤਗਾਸਾ ਨੂੰ ਜਵਾਬਦੇਹ ਬਣਾਉਣ ਲਈ ਸਮਾਂ-ਸੀਮਾਵਾਂ ਖਤਮ ਹੋਣੀਆਂ ਚਾਹੀਦੀਆਂ ਹਨ।ਅਜਿਹੇ ਮਾਮਲਿਆਂ ਨੂੰ ਜਲਦੀ ਨਾਲ ਨਬੇੜਣ ਲਈ ਅਦਾਲਤਾਂ ਸਥਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ।ਵਿਆਹਾਂ ਦੀਆਂ ਰਜਿਸਟ੍ਰੇਸ਼ਨ, ਤੋਹਫ਼ਿਆਂ ਦੇ ਲਿਖਤੀ ਅਤੇ ਡਿਜੀਟਲ ਰਿਕਾਰਡ ਰੱਖੇ ਜਾਣੇ ਚਾਹੀਦੇ ਹਨ ਤਾਂ ਜੋ ਬਾਅਦ ਵਿੱਚ ਇਹ ਸਾਬਤ ਕੀਤੇ ਜਾਂ ਸਕਣ ਕਿ ਕਿਹੜੇ ਤੋਹਫ਼ੇ ਆਪਣੀ ਮਰਜ਼ੀ ਨਾਲ ਦਿੱਤੇ ਗਏ ਸਨ ਤੇ ਕਿਹੜੇ ਦਾਜ ਦੀ ਮੰਗ ਵਜੋਂ ਦਿੱਤੇ ਗਏ ਸਨ।ਇਸ ਨਾਲ ਮੁਕੱਦਮਿਆਂ ਵਿੱਚ ਸਬੂਤਾਂ ਦੀ ਸਮੱਸਿਆ ਘੱਟ ਜਾਵੇਗੀ। ਸੱਭ ਤੋਂ ਗਹਿਰੀਆਂ ਜੜ੍ਹਾਂ ਤਾਂ ਸਮਾਜ ਦੀ ਮਾਨਸਿਕਤਾ ਵਿੱਚ ਹੈ,ਜਿੰਨਾਂ ਚਿਰ ਇਹ ਮਾਨਸਿਕਤਾ ਬਣੀ ਰਹੇਗੀ ਕਿ ਪੁੱਤਰ ਪਰਿਵਾਰ ਦਾ ਹਿੱਸਾ ਹੈ ਅਤੇ ਧੀ ਬੋਝ ਹੈ ਤਾਂ ਉਨੀ ਦੇਰ ਤੱਕ ਦਾਜ ਦੀ ਮੰਗ ਬਣੀ ਰਹੇਗੀ।ਇਸ ਨੂੰ ਹੱਲ ਕਰਨ ਲਈ ਮਰਦ ਤੇ ਔਰਤ ਵਾਲਾ ਭੇਦ ਖਤਮ ਕਰਨਾ ਪਵੇਗਾ,ਸਿਖਿਆ ਪ੍ਰਣਾਲੀ ਤੇਜ ਕਰਨੀ ਪਵੇਗੀ।ਜਦੋਂ ਧੀਆਂ ਨੂੰ ਜਾਇਦਾਦ ਵਿੱਚੋਂ ਹਿੱਸਾ ਤਾਂ ਰੋਜਗਾਰ ਬਣਾਇਆ ਜਾਵੇਗਾ ਤਾਂ ਦਾਜ ਦੀਆਂ ਸਮੱਸਿਆਵਾਂ ਦਾ ਹੱਲ ਉਹ ਖੁਦ ਹੀ ਕਰਨ ਲੱਗ ਜਾਣਗੇ।ਜੇਕਰ ਇਸ ਤਰਾਂ ਹੋ ਜਾਵੇ ਤਾਂ ਵਿਆਹਾਂ ਵਿੱਚ ਦਾਜ ਦੀ ਨਹੀ ਉਨਾਂ ਦੀ ਖੁਦਮੁੱਖਤਿਆਰੀ ਦੀ ਮੰਗ ਵਧੇਗੀ।ਜਦੋ ਤੱਕ ਮਾਨਸਿਕਤਾ ਨਹੀ ਬਦਲਦੀ ਕਿ ਧੀਆਂ ਬਰਾਬਰ ਅਧਿਕਾਰਾਂ ਦੀਆਂ ਅਤੇ ਸਤਿਕਾਰ ਦੀਆਂ ਹੱਕਦਾਰ ਹਨ ਤਾਂ ਦਾਜ ਪ੍ਰਣਾਲੀ ਆਪਣੇ ਆਪ ਹੀ ਖਤਮ ਹੋ ਜਾਏਗੀ,ਉਦੋਂ ਹੀ ਅਸੀ ਅਜਿਹਾ ਸਮਾਜ ਸਿਰਜਣ ਦੇ ਹੱਕਦਾਰ ਹੋਵਾਂਗੇ।ਜਿੱਥੇ ਵਿਆਹ ਪਿਆਰ ਦਾ ਅਤੇ ਸਤਿਕਾਰ ਦਾ ਬੰਧਨ ਹੋਵੇਗਾ ਨਾ ਕਿ ਵਿੱਤੀ ਲੈਣ-ਦੇਣ ਦਾ ਹੋਵੇਗਾ ਉਥੇ ਕੋਈ ਵੀ ਦਾਜ ਵਰਗੀਆਂ ਸਮੱਸਿਆਂ ਦੀ ਲਾਹਣਤ ਨਹੀ ਹੋਵੇਗੀ।ਸਾਡੀਆਂ ਧੀਆਂ ਬਿੰਨਾਂ ਡਰ ਤੋਂ ਮੁਕਤ ਜੀਵਨ ਜੀਅ ਸਕਣਗੀਆਂ।



ਅਮਰਜੀਤ ਚੰਦਰ
9417600014

# ਗਲਤੀਆਂ ਸੋਧਣ ਦੀ ਸਭ ਤੋਂ ਵੱਡੀ ਲੈਬ-ਭਾਰਤ

**ਗਲਤੀਆਂ** ਕਰਨ ਵਾਲਿਆਂ ਦੀਆਂ ਖਬਰਾਂ ਨਾਲ ,ਅਖਬਾਰ ਭਰਿਆ ਰਹਿੰਦਾ ਬਥੇਰਾ। ਦੁਨੀਆਂ ਦੀ ਸਭ ਤੋਂ ਵੱਡੀ ਲੈਬ ਦਾ ਮਾਲਕ , ਭਾਰਤ ਦੇਸ਼ ਹੈ ਮੇਰਾ। ਸਭ ਤੋਂ ਜਿਆਦਾ ਛਿੱਤਰ ਜਿਹੜਾ ਖਾਂਦਾ, ਵਿਦੇਸ਼ਾਂ ਵਿੱਚ ਲਾ ਲੈਂਦਾ ਡੇਰਾ। ਸੁਧਰੇ ਹੋਏ ਕਾਮਿਆਂ ਦੀ, ਬਾਹਰਲੇ ਮੁਲਕਾਂ ਵਿੱਚ ਬਹੁਤ ਹੈ ਮੰਗ।ਤੜੰਗੇ ਤੁੜਾ ਤੁੜਾ ਕੇ, ਘਰਦਿਆਂ ਨੂੰ ਕਰਕੇ ਤੰਗ। ਤਰਾਸ਼ੇ ਹੋਏ ਪੱਥਰ ਵਾਂਗੂੰ, ਜੋਹਰੀਆਂ ਦੇ ਆਉਂਦਾ ਕੰਮ। ਦਿਨ ਰਾਤ ਕੰਮ ਕਰਕੇ ਲਹੌਂਦਾ ਆਪਣਾ ਚੰਮ। ਲੁਧਿਆਣੇ ਦੀ ਖਬਰ ਹੈ, ਵਿਆਹ ਤੇ ਦੋਸਤ ਮਿੱਤਰ ਵੀ ਸੱਦੇ ਜਾਂਦੇ। ਕਈ ਦੋਸਤ ਐਸੇ ਵੀ ਆ ਜਾਂਦੇ, ਜਿਹੜੇ ਆਪਸ ਵਿੱਚ ਵੀ ਖਾਰ ਖਾਂਦੇ।ਵਿਆਹ ਦੀ ਸਟੇਜ ਨੂੰ ਹੀ ਅਖਾੜਾ ਬਣਾਂਦੇ। ਧੱਕਾਮੁੱਕੀ ਤੋਂ ਬਾਅਦ,ਦੋਵੇਂ ਧਿਰਾਂ ਵਿੱਚ,ਹੁੰਦੀ ਗੋਲੀਬਾਰੀ।ਦੂਲ੍ਹਾ ਸਟੇਜ ਥੱਲੇ, ਲੁੱਕ ਕੇ ਕਰੇ ਬਚਾਅ, ਮੁੰਡੇ ਦੀ ਮਾਸੀ ਜਾਂਦੀ ਮਾਰੀ। ਇੱਕ ਦੋ ਹੋਰ ਬਰਾਤੀ ਵੀ ਲੁੜਕ ਜਾਂਦੇ, ਮਾਮਲਾ ਬਣ ਜਾਂਦਾ ਸਰਕਾਰੀ। ਕੂੜਾ ਕਰਕਟ ਚੁੱਕਣ ਦਾ, ਪ੍ਰਬੰਧ ਨਾ ਕੋਈ, ਥਾਂ ਥਾਂ ਜਾਵੇ ਖਿਲਰ। ਸਾਰੇ ਖੇਤਰਾਂ ਚ ਮੁਸ਼ਕ ਮਾਰੇ, ਫਲ ਫਰੂਟ ਖਾ ਕੇ ਸਿੱਟਦੇ ਗਲੀ ਵਿੱਚ ਛਿਲੜ। ਜਦੋਂ ਨੱਕ ਵਿੱਚ ਧੂਆਂ ਆ ਜਾਵੇ, ਸਰਕਾਰ ਦੀ ਨੀਂਦ ਖੁੱਲੇ। ਅੰਤ ਨੂੰ, ਆਪਣੀ ਔਕਾਤ ਮੁਤਾਬਿਕ, ਲੋਕੀਂ ਵਿਦੇਸ਼ ਜਾਣ ਲਈ ਹੋ ਜਾਂਦੇ ਝੱਲੇ। ਟਰੈਫਿਕ ਚਲਦੀ ਅੰਨੇ-ਵਾਹ, ਰੋਜ਼ਾਨਾ ਕਈ, ਇਸ ਦਾ ਸ਼ਿਕਾਰ ਹੋ ਜਾਂਦੇ। ਅਪਣੀ ਜਾਨ ਤੋਂ ਹੱਥ ਧੋ ਜਾਂਦੇ। ਤੇਜ਼ ਰਫਤਾਰ ਟਰੱਕ ਨਾਲ, ਖੰਨੇ ਵਿੱਚ ਬੈਂਕ ਮੈਨੇਜਰ ਦੀ ਕਾਰ ਟਕਰਾਈ। ਥਾਂ ਤੇ ਹੀ,ਹੋ ਗਈ ਮੌਤ,ਕੌਣ ਕਰੂ ਭਰਪਾਈ। ਡੰਗਰ ਪਸ਼ੂ ਵੀ ਸੜਕਾਂ ਤੇ ਖੁੱਲ੍ਹੇ ਆਮ ਫਿਰਦੇ, ਸਿਸਟਮ ਵਿੱਚ ਮੱਚੇ ਦੁਹਾਈ।



ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ ਬ੍ਰਿਸਬੇਨ ਆਸਟ੍ਰੇਲੀਆ ਫੋਨ ਨੰਬਰ : 9878469639



Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484

email:-Samajweekly@gmail.com